
People's Herald

Rs- 100/month

People's Herald



# "ਇਕੁਐਲਿਟੀ ਐਂਡ ਜਸਟਿਸ"



https://www.facebook.com/profile.php?id=161037521061610

"Equality and Justice"

स्वतंत्रता, समानता, भाईचारा

PATIALA On line paper **02 ਅਗਸਤ 2025 ਸਨਿੱਚਰਵਾਰ "ਰੋਜ਼ਾਨਾ" ਸਾਲ ਚੌਥਾ** w.e.f. 15 August 2022 ਪਟਿਆਲਾ

ਮੁੱਖ ਸੰਪਾਦਕ- ਇੰਜੀ. ਹਰਦੀਪ ਸਿੰਘ ਚੁੰਬਰ | whatsapp. 91-94636-01616 | email. hardipchumber57@gmail.com | ਸਹਿ ਸੰਪਾਦਕ- ਸ਼੍ਰੀਮਤੀ ਆਸ਼ਾ ਕੁਮਾਰੀ, ਡਾ. ਜਗਤਾਰ ਸਿੰਘ

ਅੰਬੇਡਕਰਵਾਦ ਸਮਾਨਤਾ ਅਧਾਰਿਤ ਅਤੇ ਬ੍ਰਾਹਮਣਵਾਦ ਅਸਮਾਨਤਾ ਅਧਾਰਿਤ ਵਿਵਸਥਾ, ਸਮਾਨਤਾ ਸਥਾਪਿਤ ਕਰਨਾ ਹੀ ਸਾਰੀਆਂ ਬਿਮਾਰੀਆਂ ਦਾ ਇਲਾਜ ਹੈ




(Google pay 91-9463601616 HARDIP SINGH STATE BANK OF INDIA ACCT NO-10566643658 . IFSC- SBIN0050773

## ਸਿਧਾਰਥ ਗੌਤਮ ਬੁੱਧ ਦੇ ਧਮ ਦੇ ਸਿਧਾਂਤ ਸਭ ਲਈ ਸੁੱਖ, ਸ਼ਾਂਤੀ ਅਤੇ ਵਿਕਾਸ ਦੇ ਮਾਰਗ ਦੀਆਂ ਔਕੜਾਂ ਨੂੰ ਸਾਫ ਕਰ ਦਿੰਦੇ ਹਨ, ਇਹ ਸਿਧਾਂਤ ਵਿਸ਼ਵ ਸ਼ਾਂਤੀ ਸਥਾਪਿਤ ਕਰ ਸਕਦੇ ਹਨ

**"ਇਕੁਐਲਿਟੀ ਐਂਡ ਜਸਟਿਸ" ਪਟਿਆਲਾ** -ਸਿਧਾਰਥ ਗੌਤਮ ਬੁੱਧ ਦੇ ਦਿੱਤੇ ਇਹ ਬੁਨਿਆਦੀ ਸਿਧਾਂਤ ਸਮੁੱਚੇ ਸੰਸਾਰ ਵਿੱਚ ਸੁੱਖ, ਸਾਂਤੀ ਅਤੇ ਵਿਕਾਸ ਦੇ ਮਾਰਗ ਰਾਹ ਸਾਫ ਕਰ ਦਿੰਦੇ ਹਨ। ਮੁੱਢਲੇ ਪੰਜ 'ਪੰਚਸ਼ੀਲ' ਸਿਧਾਂਤ ਹੇਠਾਂ ਦਿੱਤੇ ਗਏ ਹਨ ਨੂੰ ਅਪਣਾ ਕੇ ਹਰ ਮਨੁੱਖ ਦੇ 'ਮਨ ਦੀ ਸਮਾਧੀ' ਲੱਗ ਜਾਣੀ ਚਾਹੀਦੀ ਹੈ:

1. ਆਹਿੰਸਾ- ਕਿਸੇ ਨੂੰ ਸਰੀਰਕ ਨੁਕਸਾਨ ਨਾਂ ਪਹੁੰਚਾਉਣਾ, ਹਰ ਇਕ ਜੀਵਨ ਦਾ ਸਤਿਕਾਰ ਕਰਨਾ
2. ਚੋਰੀ ਨਹੀਂ ਕਰਨਾ- ਦੂਸਰਿਆਂ ਦੀ ਜਾਇਦਾਦ ਅਧਿਕਾਰ ਦੀ ਕਦਰ ਕਰਨਾ
3. ਵਿਬਚਾਰ ਨਾਂ ਕਰਨਾ- ਕੋਈ ਜਿਨਸੀ ਦੁਰਵਿਹਾਰ ਜਾਂ ਅਪਰਾਧ ਨਾਂ ਕਰਨਾ
4. ਝੂਠ ਨਹੀਂ ਬੋਲਣਾ- ਆਪਣੇ ਆਚਾਰ,ਵਿਚਾਰ, ਵਿਵਹਾਰ ਵਿੱਚ ਇਮਾਨਦਾਰੀ ਬਣੇ ਰਹਿਣਾ
5. ਨਸ਼ਾ ਨਹੀਂ ਕਰਨਾ- ਕੋਈ ਨਸ਼ਾ ਨਹੀਂ ਕਰਨਾ, ਮਨ ਦਾ ਦਸ਼ਾ ਦਿਸ਼ਾ ਵਿਗਾੜ ਦੇ ਸਾਧਨਾਂ ਤੋਂ ਦੂਰੀ, ਮਨ ਸ਼ੁੱਧ ਰਖਣਾ ਅਤੇ ਸਾਫ਼ ਮਨ ਦਾ ਸਤਿਕਾਰ ਕਰਨਾ



## ਬਸਪਾ ਵੱਲੋਂ ਸਰਕਾਰੀ ਜਬਰ ਖਿਲਾਫ 15 ਅਗਸਤ ਨੂੰ ਪਟਿਆਲਾ ਵਿਖੇ ਕੀਤੀ ਜਾਣ ਵਾਲੀ ਰੈਲੀ ਇਤਿਹਾਸਕ ਹੋਵੇਗੀ -ਕਰੀਮਪੁਰੀ।

### ਰੈਲੀ ਨੂੰ ਕਾਮਯਾਬ ਕਰਨ ਲਈ ਵਰਕਰਾਂ ਦੀਆਂ ਡਿਊਟੀਆਂ ਲਾਈਆਂ - ਭੈਣੀ।

"ਇਕੁਐਲਿਟੀ ਐਂਡ ਜਸਟਿਸ" ਪਟਿਆਲਾ 01 ਅਗਸਤ INTERNATIONAL PAPER, 94636 01616 hardipchumber57@gmail.com

ਪਟਿਆਲਾ ਜਗਤਾਰ ਸਿੰਘ ਰੇੜ੍ਹੇਵਾਲ --- ਬਹੁਜਨ ਸਮਾਜ ਪਾਰਟੀ ਵਲੋਂ ਪਟਿਆਲਾ ਵਿਖੇ "ਪੰਜਾਬ ਸੰਭਾਲੋ ਮੁਹਿੰਮ ਤਹਿਤ" ਅਤੇ ਜਿਲਾ ਪਟਿਆਲਾ ਦੇ ਵੱਖ ਵੱਖ ਪਿੰਡਾਂ ਵਿੱਚ ਦਲਿਤਾਂ ਤੇ ਹੋ ਰਹੇ ਜ਼ੁਲਮ ਅਤਿਆਚਾਰ, ਝੂਠੇ ਮੁੱਕਦਮੇ, ਕੁਟਮਾਰ ਤੋਂ ਇਨਸਾਫ਼ ਨਾ ਮਿਲਣਾਂ ਪਿੰਡ ਬਠੋਈ ਕਲਾਂ ਵਿਖੇ ਦਲਿਤਾਂ ਅਤੇ ਪਿੰਡ ਸਿਆਲੂ ਵਿਖੇ ਦਲਿਤਾਂ ਦੇ ਨਾਲ ਹੋਏ ਅਨਿਆਆਏ ਦੇ ਵਿਰੁੱਧ ਧਰਨਾ ਪ੍ਰਦਰਸ਼ਨ ਕੀਤਾ ਜਾਵੇਗਾ ।

ਇਸ ਸਬੰਧੀ ਜਾਣਕਾਰੀ ਸਾਂਝੀ ਕਰਦਿਆਂ ਜਗਤਾਰ ਸਿੰਘ ਭੱਟੀ ਮੀਡੀਆ ਇੰਚਾਰਜ ਜਿਲਾ ਪਟਿਆਲਾ ਨੇ ਦੱਸਿਆ ਕਿ ਰੈਲੀ ਨੂੰ





ਕਾਮਯਾਬ ਕਰਨ ਲਈ,ਜਿਲਾ ਪਟਿਆਲਾ ਵਿਖੇ ਬਸਪਾ ਦੀਆਂ ਗਤੀਵਿਧੀਆਂ ਤੇਜ਼ ਕਰਨ ਲਈ ਬਸਪਾ ਪੰਜਾਬ ਦੇ ਪ੍ਰਧਾਨ ਡਾਕਟਰ ਅਵਤਾਰ ਸਿੰਘ ਕਰੀਮਪੁਰੀ ਜੀ ਵਿਧਾਨ ਸਭਾ ਹਲਕਾ ਰਾਜਪੁਰਾ ਵਿਖੇ ਪਹੁੰਚੇ ਤੇ ਵਰਕਰਾਂ ਨੂੰ ਸੰਬੋਧਨ ਕਰਦਿਆਂ ਵੱਡੀ ਗਿਣਤੀ ਵਿੱਚ ਪਹੁੰਚਣ ਦਾ ਸੱਦਾ ਦਿੱਤਾ। ਉਨ੍ਹਾਂ ਕਿਹਾ ਕਿ 15 ਅਗਸਤ ਨੂੰ ਪਟਿਆਲਾ ਦੀ ਅਨਾਜ ਮੰਡੀ ਵਿਖੇ ਬਸਪਾ ਵੱਲੋਂ ਕੀਤੀ ਜਾ ਰਹੀ ਰੈਲੀ ਇਤਿਹਾਸਕ ਹੋਵੇਗੀ। ਇਸ ਮੌਕੇ ਅਜੀਤ ਸਿੰਘ ਭੈਣੀ ਜੀ ਸਟੇਜ ਕੋਆਰਡੀਨੇਟਰ ਬਸਪਾ ਨੇ 15 ਅਗਸਤ ਦੇ ਪ੍ਰੋਗਰਾਮ ਦੀ ਸਫਲਤਾ ਲਈ ਵਿਧਾਨਸਭਾ ਦੀ ਟੀਮ ਦੀਆਂ ਡਿਊਟੀਆਂ ਲਗਾਈਆਂ।

ਇਸ ਸਬੰਧੀ ਬਲਦੇਵ ਸਿੰਘ ਮਹਿਰਾ ਸੂਬਾ ਮੀਤ ਪ੍ਰਧਾਨ ਜੋਗਾ ਸਿੰਘ ਪਨੋਦੀਆ ਸੂਬਾ ਜਨਰਲ ਸਕੱਤਰ ਜ਼ਿਲਾ ਪਟਿਆਲਾ ਦੇ ਪ੍ਰਧਾਨ ਮੇਜਰ ਸਿੰਘ ਟਿੱਬੀ, ਕੁਲਦੀਪ ਸਿੰਘ, ਅੰਗਰੇਜ਼ ਸਿੰਘ ਸਾਂਪਲਾ, ਕੁਲਦੀਪ ਸਿੰਘ ਸੁਹਰੋ ਜਿਲਾ ਕੋਆਰਡੀਨੇਟਰ, ਜਸੁਖਵੰਤ ਸਿੰਘ ਸਕੱਤਰ ਜ਼ਿਲਾ ਪਟਿਆਲਾ, ਰਜਿੰਦਰ ਸਿੰਘ ਚੱਪੜ ਪ੍ਰਧਾਨ ਹਲਕਾ ਰਾਜਪੁਰਾ, ਮਨਪ੍ਰੀਤ ਸਿੰਘ ਉਸਕੀ, ਜੋਗਿੰਦਰ ਸਿੰਘ ਮੋਦੀ,ਭਾਗ ਸਿੰਘ ਪਿਲਖਣੀ,ਤੇਜਾ ਸਿੰਘ ਬਖਸ਼ੀਵਾਲ, ਦਰਸ਼ਨ ਸਿੰਘ ਨਡਿਆਲੀ, ਸਰਦੂਲ ਸਿੰਘ, ਮਾਸਟਰ ਪ੍ਰੀਤਮ ਸਿੰਘ, ਪ੍ਰੇਮ ਸਿੰਘ ਭਟੇੜੀ, ਜਗਤਾਰ ਸਿੰਘ, ਹਰਬੰਸ ਸਿੰਘ ਆਦਿ ਵੱਡੀ ਗਿਣਤੀ ਵਿੱਚ ਵਰਕਰ ਹਾਜ਼ਰ ਸਨ ਇਸ ਮੌਕੇ ਇੱਕਤਰ ਬਸਪਾ ਵਰਕਰਾਂ ਸਮੱਰਥਕਾਂ ਨੇ 15 ਅਗਸਤ ਨੂੰ ਪਟਿਆਲਾ ਰੈਲੀ ਵਿਚ ਪਹੁੰਚਣ ਦਾ ਸੰਕਲਪ ਲਿਆ।

## ਜੀਐਸਟੀ ਰਿਫੰਡਾਂ ਵਿੱਚ ਤੇਜ਼ੀ ਲਿਆਂਦੀ, ਜੁਲਾਈ ਵਿੱਚ 241.17 ਕਰੋੜ ਰੁਪਏ ਕੀਤੇ ਮਨਜ਼ੂਰ: ਹਰਪਾਲ ਸਿੰਘ ਚੀਮਾ, ਕਿਹਾ, ਅਰਜ਼ੀਆਂ ਦੀ ਗਿਣਤੀ ਪੱਖੋਂ ਕੁੱਲ ਨਿਪਟਾਰੇ ਦਾ ਅਨੁਪਾਤ 60% ਤੱਕ ਪਹੁੰਚਣ ਦੀ ਉਮੀਦ

ਐਵੇਂ ਤਾਂ ਨੀ ਸਿਰਾਂ ਦੇ ਉੱਤੇ ਤਾਜ ਸਜ਼ਦੇ, ਮਿਹਨਤਾਂ ਹੀ, ਜ਼ਿੰਦਗੀ ਚ ਰੰਗ ਲਾਉਂਦੀਆਂ।
ਸੁੱਤਿਆਂ ਦੇ ਸਿਰਾਂ ਤੇ ਨੀ ਤਾਜ ਸਜ਼ਦੇ, ਮਿਹਨਤਾਂ ਹੀ, ਜ਼ਿੰਦਗੀ ਚ ਰੰਗ ਲਾਉਂਦੀਆਂ।
ਜਿਹਨਾਂ ਦਿਆਂ ਸਿਰਾਂ ਤੇ ਜਨੂੰਨ ਬੋਲਦਾ, ਰਾਤਾਂ ਨੂੰ ਨਾਂ, ਉਹਨਾਂ ਨੂੰ ਨੀਂਦਾਂ ਆਉਂਦੀਆਂ।

## ਚੋਣ ਕਮਿਸ਼ਨ ਭਾਜਪਾ ਲਈ 'ਵੋਟ ਚੋਰੀ' ਕਰ ਰਿਹਾ ਹੈ : ਰਾਹੁਲ ਗਾਂਧੀ

### ਕਾਂਗਰਸ ਕੋਲ ਇਸ ਗੱਲ ਦੇ ਪੱਕੇ ਸਬੂਤ ਹਨ

"ਇਕੁਐਲਿਟੀ ਐਂਡ ਜਸਟਿਸ" ਪਟਿਆਲਾ 01 ਅਗਸਤ INTERNATIONAL PAPER, 94636 01616 hardipchumber57@gmail.com

ਨਵੀਂ ਦਿੱਲੀ : ਕਾਂਗਰਸ ਆਗੂ ਰਾਹੁਲ ਗਾਂਧੀ ਨੇ ਸ਼ੁਕਰਵਾਰ ਨੂੰ ਦਾਅਵਾ ਕੀਤਾ ਕਿ ਉਨ੍ਹਾਂ ਦੀ ਪਾਰਟੀ ਕੋਲ ਸਬੂਤਾਂ ਦਾ 'ਐਟਮ ਬੰਬ' ਹੈ ਕਿ ਚੋਣ ਕਮਿਸ਼ਨ ਨੇ ਭਾਰਤੀ ਜਨਤਾ ਪਾਰਟੀ (ਭਾਜਪਾ) ਲਈ 'ਵੋਟ ਚੋਰੀ' ਕੀਤੀ ਹੈ। ਉਨ੍ਹਾਂ ਕਿਹਾ ਕਿ ਜਦੋਂ ਇਹ ਧਮਾਕਾ ਹੋਵੇਗਾ ਤਾਂ ਚੋਣ ਕਮਿਸ਼ਨ ਕੋਲ ਦੇਸ਼ 'ਚ ਕਿਤੇ ਵੀ ਲੁਕਣ ਲਈ ਥਾਂ ਨਹੀਂ ਹੋਵੇਗੀ।

ਲੋਕ ਸਭਾ 'ਚ ਵਿਰੋਧੀ ਧਿਰ ਦੇ ਨੇਤਾ ਨੇ ਇਹ ਵੀ ਚੇਤਾਵਨੀ ਦਿਤੀ ਕਿ ਚੋਣ ਕਮਿਸ਼ਨ 'ਚ ਜੋ ਲੋਕ ਉੱਪਰ ਤੋਂ ਲੈ ਕੇ ਹੇਠਾਂ ਤਕ ਇਸ 'ਚ ਸ਼ਾਮਲ ਹਨ, ਉਨ੍ਹਾਂ ਨੂੰ ਯਾਦ ਰਖਣਾ ਚਾਹੀਦਾ ਹੈ ਕਿ ਉਨ੍ਹਾਂ ਨੂੰ ਬਖਸ਼ਿਆ ਨਹੀਂ ਜਾਵੇਗਾ ਕਿਉਂਕਿ ਉਹ 'ਦੇਸ਼ਧ੍ਰੋਹ' 'ਚ ਸ਼ਾਮਲ ਹਨ।

ਉਨ੍ਹਾਂ ਦੀ ਇਹ ਟਿਪਣੀ ਉਸ ਦਿਨ ਆਈ ਹੈ ਜਦੋਂ ਚੋਣ ਕਮਿਸ਼ਨ ਨੇ ਆਗਾਮੀ ਵਿਧਾਨ ਸਭਾ ਚੋਣਾਂ ਤੋਂ ਪਹਿਲਾਂ ਇਕ ਮਹੀਨੇ ਤਕ ਚੱਲਣ ਵਾਲੀ ਵਿਸ਼ੇਸ਼ ਤੀਬਰ ਸੋਧ (ਐਸ.ਆਈ.ਆਰ.) ਅਭਿਆਸ ਦੇ ਪੂਰਾ ਹੋਣ ਤੋਂ ਬਾਅਦ ਬਿਹਾਰ ਲਈ ਵੋਟਰ ਸੂਚੀਆਂ ਦਾ ਖਰੜਾ ਪ੍ਰਕਾਸ਼ਤ ਕੀਤਾ ਹੈ।

ਵਿਰੋਧੀ ਧਿਰ ਐਸ.ਆਈ.ਆਰ. ਵਿਰੁਧ ਸੰਸਦ ਦੇ ਦੋਹਾਂ ਸਦਨਾਂ ਵਿਚ ਵਿਰੋਧ ਪ੍ਰਦਰਸ਼ਨ ਕਰ ਰਹੀ ਹੈ ਅਤੇ ਦੋਸ਼ ਲਗਾ ਰਹੀ ਹੈ ਕਿ ਚੋਣ ਕਮਿਸ਼ਨ ਦੀ ਇਸ ਕਵਾਇਦ ਦਾ ਉਦੇਸ਼ ਵਿਧਾਨ ਸਭਾ ਚੋਣਾਂ ਤੋਂ ਪਹਿਲਾਂ ਬਿਹਾਰ ਵਿਚ 'ਵੋਟਰਾਂ ਨੂੰ ਵੋਟਿੰਗ ਤੋਂ ਰੋਕਣਾ' ਹੈ। ਉਹ ਦੋਹਾਂ ਸਦਨਾਂ ਵਿਚ ਇਸ ਮੁੱਦੇ ਉਤੇ ਚਰਚਾ ਦੀ ਮੰਗ ਕਰ ਰਹੇ ਹਨ।

ਇਸ ਮੁੱਦੇ ਉਤੇ ਪੁੱਛੇ ਜਾਣ ਉਤੇ ਰਾਹੁਲ ਗਾਂਧੀ ਨੇ ਕਿਹਾ, ''ਮੈਂ ਕਿਹਾ ਹੈ ਕਿ ਵੋਟ ਚੋਰੀ ਹੋ ਰਹੀ ਹੈ ਅਤੇ ਹੁਣ ਸਾਡੇ ਕੋਲ ਸਾਫ਼-ਸਾਫ਼ ਸਬੂਤ ਹਨ ਕਿ ਚੋਣ ਕਮਿਸ਼ਨ 'ਵੋਟ ਚੋਰੀ' 'ਚ ਸ਼ਾਮਲ ਹੈ।''

ਉਨ੍ਹਾਂ ਕਿਹਾ, ''ਮੈਂ ਇਸ ਨੂੰ ਐਵੇਂ ਨਹੀਂ ਕਹਿ ਰਿਹਾ। ਮੈਂ ਇਹ 100 ਫੀ ਸਦੀ ਸਬੂਤ ਨਾਲ ਕਹਿ ਰਿਹਾ ਹਾਂ। ਜਿਵੇਂ ਹੀ ਅਸੀਂ ਇਸ ਨੂੰ ਜਾਰੀ ਕਰਾਂਗੇ, ਪੂਰੇ ਦੇਸ਼ ਨੂੰ ਪਤਾ ਲੱਗ ਜਾਵੇਗਾ ਕਿ ਚੋਣ ਕਮਿਸ਼ਨ 'ਵੋਟ ਚੋਰੀ' ਵਿਚ ਸ਼ਾਮਲ ਹੈ। ਉਹ ਭਾਜਪਾ ਲਈ ਅਜਿਹਾ ਕਰ ਰਹੀ ਹੈ।

ਰਾਹੁਲ ਗਾਂਧੀ ਨੇ ਕਿਹਾ ਕਿ ਉਨ੍ਹਾਂ ਦੀ ਪਾਰਟੀ ਨੂੰ 2023 ਦੀਆਂ ਮੱਧ ਪ੍ਰਦੇਸ਼ ਵਿਧਾਨ ਸਭਾ ਚੋਣਾਂ, ਫਿਰ ਪਿਛਲੇ ਸਾਲ ਲੋਕ ਸਭਾ ਚੋਣਾਂ 'ਚ ਚੋਣ ਬੇਨਿਯਮੀਆਂ ਦਾ ਸ਼ੱਕ ਸੀ ਅਤੇ ਮਹਾਰਾਸ਼ਟਰ 'ਚ ਇਹ ਹੋਰ ਵਧ ਗਿਆ।

ਉਨ੍ਹਾਂ ਕਿਹਾ, ''ਸਾਡਾ ਮੰਨਣਾ ਹੈ ਕਿ ਮਹਾਰਾਸ਼ਟਰ 'ਚ ਰਾਜ ਪੱਧਰ ਉਤੇ ਵੋਟਾਂ ਦੀ ਚੋਰੀ ਹੋਈ ਹੈ। ਵੋਟਰ ਸੋਧ ਹੋਈ ਸੀ ਅਤੇ ਕਰੋੜਾਂ ਵੋਟਰ ਜੋੜੇ ਗਏ ਸਨ। ਫਿਰ ਅਸੀਂ ਵਿਸਥਾਰ ਨਾਲ ਵੇਖਿਆ ਕਿ ਚੋਣ ਕਮਿਸ਼ਨ ਮਦਦ ਨਹੀਂ ਕਰ ਰਿਹਾ ਹੈ ਅਤੇ ਇਸ ਦੀ ਡੂੰਘਾਈ ਨਾਲ ਜਾਂਚ ਕਰਨ ਦਾ ਫੈਸਲਾ ਕੀਤਾ।''

ਉਨ੍ਹਾਂ ਕਿਹਾ, ''ਅਸੀਂ ਅਪਣੀ ਜਾਂਚ ਕੀਤੀ, ਇਸ ਵਿਚ ਛੇ ਮਹੀਨੇ ਲੱਗ ਗਏ ਅਤੇ ਸਾਨੂੰ ਜੋ ਮਿਲਿਆ ਹੈ ਉਹ ਐਟਮ ਬੰਬ ਹੈ। ਜਦੋਂ ਇਹ ਧਮਾਕਾ ਹੋਵੇਗਾ ਤਾਂ ਚੋਣ ਕਮਿਸ਼ਨ ਕੋਲ ਦੇਸ਼ ਵਿਚ ਕਿਤੇ ਵੀ ਲੁਕਣ ਲਈ ਜਗ੍ਹਾ ਨਹੀਂ ਹੋਵੇਗੀ।''

ਕਾਂਗਰਸ ਨੇਤਾ ਨੇ ਇਹ ਵੀ ਚੇਤਾਵਨੀ ਦਿਤੀ ਕਿ ਚੋਣ ਕਮਿਸ਼ਨ ਦੇ ਉਹ ਲੋਕ ਜੋ ਉੱਪਰ ਤੋਂ ਹੇਠਾਂ ਤਕ ਇਸ ਵਿਚ ਸ਼ਾਮਲ ਹਨ, ਉਨ੍ਹਾਂ ਨੂੰ ਯਾਦ ਰਖਣਾ ਚਾਹੀਦਾ ਹੈ ਕਿ ਉਨ੍ਹਾਂ ਨੂੰ ਬਖਸ਼ਿਆ ਨਹੀਂ ਜਾਵੇਗਾ ਕਿਉਂਕਿ ਉਹ ''ਭਾਰਤ ਦੇ ਵਿਰੁਧ ਕੰਮ ਕਰ ਰਹੇ ਹਨ।'' ਉਨ੍ਹਾਂ ਕਿਹਾ, ''ਇਹ ਦੇਸ਼ਧ੍ਰੋਹ ਹੈ, ਇਸ ਤੋਂ ਘੱਟ ਕੁੱਝ ਨਹੀਂ। ਤੁਸੀਂ ਸੇਵਾਮੁਕਤ ਹੋ ਸਕਦੇ ਹੋ, ਤੁਸੀਂ ਕਿਤੇ ਵੀ ਹੋ ਸਕਦੇ ਹੋ, ਅਸੀਂ ਤੁਹਾਨੂੰ ਲੱਭ ਲਵਾਂਗੇ।''

ਕਾਂਗਰਸ ਨੇਤਾ ਦੀ ਇਹ ਟਿਪਣੀ ਉਸ ਸਮੇਂ ਆਈ ਜਦੋਂ ਉਨ੍ਹਾਂ ਨੇ ਕਈ ਵਿਰੋਧੀ ਪਾਰਟੀਆਂ ਦੇ ਨੇਤਾਵਾਂ ਨਾਲ ਲੋਕ ਸਭਾ ਸਪੀਕਰ ਓਮ ਬਿਰਲਾ ਨੂੰ ਚਿੱਠੀ ਲਿਖ ਕੇ ਬਿਹਾਰ 'ਚ ਚੱਲ ਰਹੀ ਵੋਟਰ ਸੂਚੀ ਸੋਧ ਉਤੇ ਬਿਨਾਂ ਕਿਸੇ ਦੇਰੀ ਦੇ ਵਿਸ਼ੇਸ਼ ਚਰਚਾ ਕਰਵਾਉਣ ਦੀ ਅਪੀਲ ਕੀਤੀ। ਬਿਰਲਾ ਨੂੰ ਲਿਖੀ ਚਿੱਠੀ 'ਚ ਵਿਰੋਧੀ ਧਿਰ ਦੇ ਸੰਸਦ ਮੈਂਬਰਾਂ ਨੇ ਐਸ.ਆਈ.ਆਰ. ਅਭਿਆਸ ਉਤੇ ਡੂੰਘੀ ਚਿੰਤਾ ਜ਼ਾਹਰ ਕੀਤੀ ਹੈ।

ਵਿਰੋਧੀ ਧਿਰ ਐਸ.ਆਈ.ਆਰ. ਵਿਰੁਧ ਸੰਸਦ ਦੇ ਦੋਹਾਂ ਸਦਨਾਂ ਵਿਚ ਵਿਰੋਧ ਪ੍ਰਦਰਸ਼ਨ ਕਰ ਰਹੀ ਹੈ ਅਤੇ ਦੋਸ਼ ਲਗਾ ਰਹੀ ਹੈ ਕਿ ਚੋਣ ਕਮਿਸ਼ਨ ਦੀ ਇਸ ਕਵਾਇਦ ਦਾ



ਉਦੇਸ਼ ਵਿਧਾਨ ਸਭਾ ਚੋਣਾਂ ਤੋਂ ਪਹਿਲਾਂ ਬਿਹਾਰ ਵਿਚ 'ਵੋਟਰਾਂ ਨੂੰ ਬੇਇੱਜ਼ਤ ਕਰਨਾ' ਹੈ। ਉਹ ਦੋਹਾਂ ਸਦਨਾਂ ਵਿਚ ਇਸ ਮੁੱਦੇ ਉਤੇ ਚਰਚਾ ਦੀ ਮੰਗ ਕਰ ਰਹੇ ਹਨ।

ਕਾਂਗਰਸ ਨੇ ਵੀਰਵਾਰ ਨੂੰ ਕਿਹਾ ਸੀ ਕਿ ਉਹ 5 ਅਗੱਸਤ ਨੂੰ ਕਰਨਾਟਕ ਚੋਣ ਕਮਿਸ਼ਨ ਵਲੋਂ ਵੋਟਰ ਸੂਚੀਆਂ ਵਿਚ ਕੀਤੀ ਗਈ ਘਿਨਾਉਣੀ ਹੇਰਾਫੇਰੀ ਦਾ ਪਰਦਾਫਾਸ਼ ਕਰੇਗੀ ਅਤੇ ਜ਼ੋਰ ਦੇ ਕੇ ਕਿਹਾ ਕਿ ਉਹ ਅਜਿਹੀਆਂ ਚੋਣ ਗਲਤੀਆਂ ਨੂੰ ਚੱਲਣ ਦੀ ਇਜਾਜ਼ਤ ਨਹੀਂ ਦੇਵੇਗੀ।

ਕਾਂਗਰਸ ਦੇ ਜਨਰਲ ਸਕੱਤਰ ਅਤੇ ਸੰਗਠਨ ਕੇ.ਸੀ. ਵੇਣੂਗੋਪਾਲ ਨੇ ਕਿਹਾ ਕਿ ਪਾਰਟੀ ਨੇ ਇਸ ਧੋਖਾਧੜੀ ਦੇ ਵਿਰੁਧ ਪਾਰਟੀ ਦੇ ਸਾਬਕਾ ਪ੍ਰਧਾਨ ਰਾਹੁਲ ਗਾਂਧੀ ਦੀ ਅਗਵਾਈ ਵਿਚ ਬੈਂਗਲੁਰੂ ਵਿਚ ਵੱਡੇ ਪੱਧਰ ਉਤੇ ਵਿਰੋਧ ਪ੍ਰਦਰਸ਼ਨ ਕਰਨ ਦੀ ਯੋਜਨਾ ਬਣਾਈ ਹੈ। ਪ੍ਰਦਰਸ਼ਨ ਦੀਆਂ ਤਿਆਰੀਆਂ ਦਾ ਜਾਇਜ਼ਾ ਲੈਣ ਤੋਂ ਬਾਅਦ ਵੇਣੂਗੋਪਾਲ ਨੇ ਕਿਹਾ ਸੀ ਕਿ 5 ਅਗੱਸਤ ਨੂੰ ਅਸੀਂ ਕਰਨਾਟਕ ਚੋਣ ਕਮਿਸ਼ਨ ਵਲੋਂ ਵੋਟਰ ਸੂਚੀਆਂ 'ਚ ਕੀਤੀ ਗਈ ਹੇਰਾਫੇਰੀ ਦਾ ਪਰਦਾਫਾਸ਼ ਕਰਾਂਗੇ। (ਪੀਟੀਆਈ)

# ਟਰੰਪ ਵੱਲੋਂ ਟੈਕਸ ਸੂਚੀ ਜਾਰੀ; ਭਾਰਤ 'ਤੇ 25 ਫੀਸਦੀ ਟੈਕਸ ਲਾਇਆ, ਪਾਕਿ ਨੂੰ 10 ਫੀਸਦ ਦੀ ਰਿਆਇਤ

## ਵਾਸ਼ਿੰਗਟਨ ਵੱਲੋਂ ਦੁਨੀਆ ਭਰ ਦੇ ਦੇਸ਼ਾਂ ਤੋਂ ਹੋਣ ਵਾਲੇ ਨਿਰਯਾਤ 'ਤੇ ਲਗਾਏ ਜਾ ਰਹੇ ਟੈਕਸਾਂ ਦੀ ਇੱਕ ਵਿਸਤ੍ਰਿਤ ਸੂਚੀ ਜਾਰੀ ਕੀਤੀ ਗਈ ਹੈ। ਜਿਸ ਵਿਚ ਅਮਰੀਕਾ ਨੇ ਭਾਰਤ 'ਤੇ 25 ਫੀਸਦੀ ਟੈਕਸ ਲਗਾਉਣ ਦਾ ਐਲਾਨ ਕੀਤਾ ਹੈ। ਖਾਸ ਗੱਲ...

"ਇਕੁਐਲਿਟੀ ਐਂਡ ਜਸਟਿਸ" ਪਟਿਆਲਾ 01 ਅਗਸਤ
INTERNATIONAL PAPER, 94636 01616
hardipchumber57@gmail.com



ਵਾਸ਼ਿੰਗਟਨ ਵੱਲੋਂ ਦੁਨੀਆ ਭਰ ਦੇ ਦੇਸ਼ਾਂ ਤੋਂ ਹੋਣ ਵਾਲੇ ਨਿਰਯਾਤ 'ਤੇ ਲਗਾਏ ਜਾ ਰਹੇ ਟੈਕਸਾਂ ਦੀ ਇੱਕ ਵਿਸਤ੍ਰਿਤ ਸੂਚੀ ਜਾਰੀ ਕੀਤੀ ਗਈ ਹੈ। ਜਿਸ ਵਿਚ ਅਮਰੀਕਾ ਨੇ ਭਾਰਤ 'ਤੇ 25 ਫੀਸਦੀ ਟੈਕਸ ਲਗਾਉਣ ਦਾ ਐਲਾਨ ਕੀਤਾ ਹੈ। ਖਾਸ ਗੱਲ ਇਹ ਹੈ ਕਿ ਗੁਆਂਢੀ ਦੇਸ਼ ਪਾਕਿਸਤਾਨ ਅਤੇ ਸ੍ਰੀਲੰਕਾ ਦੇ ਮੁਕਾਬਲੇ ਭਾਰਤ 'ਤੇ ਜ਼ਿਆਦਾ ਟੈਕਸ ਲਗਾਇਆ ਗਿਆ ਹੈ।

ਆਪਸੀ ਟੈਕਸ ਦਰਾਂ ਵਿੱਚ ਹੋਰ ਸੋਧ ਸਿਰਲੇਖ ਵਾਲੇ ਇੱਕ ਸਰਕਾਰੀ ਹੁਕਮ ਵਿੱਚ ਰਾਸ਼ਟਰਪਤੀ ਡੋਨਲਡ ਟਰੰਪ ਨੇ ਦੁਨੀਆ ਭਰ ਦੇ ਲਗਪਗ 70 ਦੇਸ਼ਾਂ ਲਈ ਟੈਕਸ ਦਰਾਂ ਦਾ ਐਲਾਨ ਕੀਤਾ। ਵੀਰਵਾਰ ਨੂੰ ਜਾਰੀ ਕੀਤੀ ਗਈ ਸੂਚੀ ਅਨੁਸਾਰ ਭਾਰਤ 'ਤੇ 25 ਫੀਸਦੀ ਪਰਸਪਰ ਟੈਕਸ ਲਗਾਇਆ ਗਿਆ ਹੈ।

ਟੈਕਸ ਲਾਗੂ ਕਰਨ ਦੀ ਆਖਰੀ ਮਿਤੀ 1 ਅਗਸਤ ਸੀ ਪਰ ਨਵੀਆਂ ਟੈਕਸ ਦਰਾਂ 7 ਅਗਸਤ ਤੋਂ ਲਾਗੂ ਹੋਣਗੀਆਂ। ਟਰੰਪ ਨੇ ਇੱਕ ਸਰਕਾਰੀ ਹੁਕਮ ਵਿੱਚ ਕਿਹਾ ਕਿ ਕੁਝ ਵਪਾਰਕ ਭਾਈਵਾਲ ਅਮਰੀਕਾ ਨਾਲ ਸਾਰਥਕ ਵਪਾਰ ਅਤੇ ਸੁਰੱਖਿਆ ਪ੍ਰਤੀਬੱਧਤਾਵਾਂ 'ਤੇ ਸਹਿਮਤ ਹੋ ਗਏ ਹਨ ਜਾਂ ਸਹਿਮਤ ਹੋਣ ਦੇ ਨੇੜੇ ਹਨ, ਜੋ ਵਪਾਰਕ ਰੁਕਾਵਟਾਂ ਨੂੰ ਸਥਾਈ ਤੌਰ 'ਤੇ ਦੂਰ ਕਰਨ ਅਤੇ ਆਰਥਿਕ ਅਤੇ ਕੌਮੀ ਸੁਰੱਖਿਆ ਮਾਮਲਿਆਂ 'ਤੇ ਅਮਰੀਕਾ ਨਾਲ ਤਾਲਮੇਲ ਬਿਠਾਉਣ ਦੇ ਉਨ੍ਹਾਂ ਦੇ ਇਮਾਨਦਾਰ ਇਰਾਦੇ ਨੂੰ ਦਰਸਾਉਂਦਾ ਹੈ।

ਉਨ੍ਹਾਂ ਕਿਹਾ, ''ਹੋਰ ਵਪਾਰਕ ਭਾਈਵਾਲਾਂ ਨੇ ਗੱਲਬਾਤ ਵਿੱਚ ਸ਼ਾਮਲ ਹੋਣ ਦੇ ਬਾਵਜੂਦ ਅਜਿਹੀਆਂ ਸ਼ਰਤਾਂ ਪੇਸ਼ ਕੀਤੀਆਂ ਹਨ ਜੋ ਮੇਰੇ ਵਿਚਾਰ ਵਿੱਚ ਸਾਡੇ ਵਪਾਰਕ ਸਬੰਧਾਂ ਵਿੱਚ ਅਸੰਤੁਲਨ ਨੂੰ ਢੁਕਵੇਂ ਰੂਪ ਵਿੱਚ ਹੱਲ ਨਹੀਂ ਕਰਦੀਆਂ ਜਾਂ ਆਰਥਿਕ ਅਤੇ ਕੌਮੀ ਸੁਰੱਖਿਆ ਦੇ ਮਾਮਲਿਆਂ ਵਿੱਚ ਅਮਰੀਕਾ ਨਾਲ ਤਾਲਮੇਲ ਕਰਨ ਵਿੱਚ ਅਸਫਲ ਰਹੀਆਂ ਹਨ।''

ਅਮਰੀਕਾ ਵੱਲੋਂ ਜਾਰੀ ਕੀਤੀ ਗਈ ਸੂਚੀ ਵਿੱਚ ਟੈਕਸ ਦੀ ਦਰ 10 ਫੀਸਦੀ ਤੋਂ ਲੈ ਕੇ 40 ਫੀਸਦੀ ਤੱਕ ਹੈ, ਜਿਸ ਵਿੱਚ ਜਪਾਨ 'ਤੇ 15 ਫੀਸਦੀ, ਲਾਓਸ ਅਤੇ ਮਿਆਂਮਾਰ 'ਤੇ 40 ਫੀਸਦੀ, ਪਾਕਿਸਤਾਨ 'ਤੇ 19 ਫੀਸਦੀ, ਸ਼੍ਰੀਲੰਕਾ 'ਤੇ 20 ਫੀਸਦੀ ਅਤੇ ਬ੍ਰਿਟੇਨ 'ਤੇ 10 ਫੀਸਦੀ ਟੈਕਸ ਲਗਾਇਆ ਗਿਆ ਹੈ।

ਅਮਰੀਕਾ ਵੱਲੋਂ ਪਾਕਿਤਾਨ 'ਤੇ ਪਹਿਲਾਂ 29 ਫੀਸਦੀ ਟੈਕਸ ਲਾਇਆ ਗਿਆ ਸੀ ਪਰ ਬਾਅਦ ਵਿਚ ਇਸ ਨੂੰ ਘਟਾ ਕੇ 19 ਫੀਸਦੀ ਕਰ ਦਿੱਤਾ ਗਿਆ।

# 'ਯੁੱਧ ਨਸ਼ਿਆਂ ਵਿਰੁੱਧ' ਦੇ ਪੰਜ ਮਹੀਨੇ: 1000 ਕਿਲੋ ਹੈਰੋਇਨ ਸਮੇਤ ਕਾਬੂ 24089 ਨਸ਼ਾ ਤਸਕਰ

## ਪੁਲਿਸ ਟੀਮਾਂ ਨੇ 12 ਕਰੋੜ ਰੁਪਏ ਦੀ ਡਰੱਗ ਮਨੀ, 344 ਕਿਲੋ ਅਫੀਮ, 204 ਕਿਲੋ ਚੂਰਾ-ਪੋਸਤ, 31 ਲੱਖ ਨਸ਼ੀਲੀਆਂ ਗੋਲੀਆਂ ਵੀ ਕੀਤੀਆਂ ਜ਼ਬਤ, — 153ਵੇਂ ਦਿਨ 1.7 ਕਿਲੋਗ੍ਰਾਮ ਹੈਰੋਇਨ, 4 ਕਿਲੋਗ੍ਰਾਮ ਚੂਰਾ-ਪੋਸਤ ਸਮੇਤ 92 ਨਸ਼ਾ ਤਸਕਰ ਕਾਬੂ — 'ਨਸ਼ਾ ਛੁਡਾਉਣ' ਦੇ ਹਿੱਸੇ ਵਜੋਂ, ਪੰਜਾਬ ਪੁਲਿਸ ਨੇ 59 ਵਿਅਕਤੀਆਂ ਨੂੰ ਨਸ਼ਾ ਛੁਡਾਊ ਇਲਾਜ ਲਈ ਰਾਜ਼ੀ ਕੀਤਾ

"ਇਕੁਐਲਿਟੀ ਐਂਡ ਜਸਟਿਸ" ਪਟਿਆਲਾ 01 ਅਗਸਤ
INTERNATIONAL PAPER, 94636 01616
hardipchumber57@gmail.com

ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੇ ਨਿਰਦੇਸ਼ਾਂ 'ਤੇ ਨਸ਼ਿਆਂ ਵਿਰੁੱਧ ਚਲਾਈ ਜਾ ਰਹੀ ਫੈਸਲਾਕੁੰਨ ਜੰਗ 'ਯੁੱਧ ਨਸ਼ਿਆਂ ਵਿਰੁੱਧ' ਦੇ ਪੰਜ ਮਹੀਨੇ ਪੂਰੇ ਹੋ ਗਏ ਹਨ ਅਤੇ ਪੰਜਾਬ ਪੁਲਿਸ 1 ਮਾਰਚ, 2025 ਤੋਂ ਹੁਣ ਤੱਕ 15242 ਐਫ.ਆਈ.ਆਰਜ਼ ਦਰਜ ਕੀਤੀਆਂ ਹਨ ਅਤੇ 24,089 ਨਸ਼ਾ ਤਸਕਰਾਂ ਨੂੰ ਗ੍ਰਿਫ਼ਤਾਰ ਕੀਤਾ ਗਿਆ ਹੈ, ਇਸ ਦੇ ਨਾਲ 1000 ਕਿਲੋਗ੍ਰਾਮ ਹੈਰੋਇਨ ਬਰਾਮਦ ਹੋਈ ਹੈ।

ਇਸ ਨਸ਼ਾ ਵਿਰੋਧੀ ਮੁਹਿੰਮ ਦੀ ਸ਼ੁਰੂਆਤ ਤੋਂ ਬਾਅਦ, ਪੰਜਾਬ ਪੁਲਿਸ ਵੱਲੋਂ ਡਾਇਰੈਕਟਰ ਜਨਰਲ ਆਫ਼ ਪੁਲਿਸ (ਡੀਜੀਪੀ) ਪੰਜਾਬ ਗੌਰਵ ਯਾਦਵ ਦੇ ਨਿਰਦੇਸ਼ਾਂ ਅਨੁਸਾਰ, ਸੂਬੇ ਦੇ ਸਾਰੇ 28 ਪੁਲਿਸ ਜ਼ਿਲ੍ਹਿਆਂ ਵਿੱਚ ਰੋਜ਼ਾਨਾ ਕਾਰਵਾਈ ਕੀਤੀ ਜਾ ਰਹੀ ਹੈ। ਜ਼ਿਕਰਯੋਗ ਹੈ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਪੁਲਿਸ ਕਮਿਸ਼ਨਰਾਂ, ਡਿਪਟੀ ਕਮਿਸ਼ਨਰਾਂ ਅਤੇ ਸੀਨੀਅਰ ਪੁਲਿਸ ਸੁਪਰਡੈਂਟ ਨੂੰ ਪੰਜਾਬ ਨੂੰ ਨਸ਼ਾ ਮੁਕਤ ਸੂਬਾ ਬਣਾਉਣ ਲਈ ਕਿਹਾ ਸੀ। ਪੰਜਾਬ ਸਰਕਾਰ ਨੇ ਨਸ਼ਿਆਂ ਵਿਰੁੱਧ ਜੰਗ ਦੀ ਨਿਗਰਾਨੀ ਲਈ ਵਿੱਤ ਮੰਤਰੀ ਹਰਪਾਲ ਸਿੰਘ ਚੀਮਾ ਦੀ ਅਗਵਾਈ ਵਿੱਚ 5 ਮੈਂਬਰੀ ਕੈਬਨਿਟ ਸਬ ਕਮੇਟੀ ਦਾ ਗਠਨ ਵੀ ਕੀਤਾ ਹੈ।

ਪੁਲਿਸ ਦੇ ਵਿਸ਼ੇਸ਼ ਡਾਇਰੈਕਟਰ ਜਨਰਲ ( ਕਾਨੂੰਨ ਅਤੇ ਵਿਵਸਥਾ )ਅਰਪਿਤ ਸ਼ੁਕਲਾ, ਜੋ ਕਿ ਇਨ੍ਹਾਂ ਆਪ੍ਰੇਸ਼ਨਾਂ ਦੀ ਨਿੱਜੀ ਤੌਰ 'ਤੇ ਨਿਗਰਾਨੀ ਕਰ ਰਹੇ ਹਨ, ਨੇ ਖੁਲਾਸਾ ਕੀਤਾ ਕਿ 1000 ਕਿਲੋਗ੍ਰਾਮ ਹੈਰੋਇਨ ਤੋਂ ਇਲਾਵਾ, ਪੁਲਿਸ ਨੇ 344 ਕਿਲੋਗ੍ਰਾਮ ਅਫੀਮ, 204 ਕੁਇੰਟਲ ਭੁੱਕੀ, 14 ਕਿਲੋਗ੍ਰਾਮ ਚਰਸ, 367 ਕਿਲੋਗ੍ਰਾਮ ਗਾਂਜਾ, 6 ਕਿਲੋਗ੍ਰਾਮ ਆਈ.ਸੀ.ਈ., 31.27 ਲੱਖ ਨਸ਼ੀਲੀਆਂ ਗੋਲੀਆਂ ਅਤੇ 12.12 ਕਰੋੜ ਰੁਪਏ ਦੀ ਡਰੱਗ ਮਨੀ ਵੀ ਜ਼ਬਤ ਕੀਤੀ ਹੈ।

153ਵੇਂ ਦਿਨ ਦੇ ਨਤੀਜਿਆਂ ਦੇ ਵੇਰਵੇ ਸਾਂਝੇ ਕਰਦੇ ਹੋਏ, ਵਿਸ਼ੇਸ਼ ਡੀਜੀਪੀ ਨੇ ਕਿਹਾ ਕਿ ਪੰਜਾਬ ਪੁਲਿਸ ਨੇ 92 ਨਸ਼ਾ ਤਸਕਰਾਂ ਨੂੰ ਗ੍ਰਿਫ਼ਤਾਰ ਕੀਤਾ ਹੈ ਅਤੇ ਉਨ੍ਹਾਂ ਦੇ ਕਬਜ਼ੇ ਵਿੱਚੋਂ 1.7 ਕਿਲੋਗ੍ਰਾਮ ਹੈਰੋਇਨ, 2 ਕਿਲੋਗ੍ਰਾਮ ਗਾਂਜਾ, 404 ਕਿਲੋਗ੍ਰਾਮ ਭੁੱਕੀ, 4865 ਨਸ਼ੀਲੀਆਂ ਗੋਲੀਆਂ ਅਤੇ 2490 ਰੁਪਏ ਦੀ ਡਰੱਗ ਮਨੀ ਬਰਾਮਦ ਕੀਤੀ ਹੈ।

ਉਨ੍ਹਾਂ ਕਿਹਾ ਕਿ 76 ਗਜ਼ਟਿਡ ਅਧਿਕਾਰੀਆਂ ਦੀ ਨਿਗਰਾਨੀ ਹੇਠ 1100 ਤੋਂ ਵੱਧ ਪੁਲਿਸ ਮੁਲਾਜ਼ਮਾਂ ਦੀ ਨਫ਼ਰੀ ਵਾਲੀਆਂ 180 ਤੋਂ ਵੱਧ ਪੁਲਿਸ ਟੀਮਾਂ ਨੇ ਸੂਬੇ ਭਰ ਵਿੱਚ 378 ਥਾਵਾਂ 'ਤੇ ਛਾਪੇਮਾਰੀ ਕੀਤੀ , ਇਸ ਦੌਰਾਨ ਸੂਬੇ ਭਰ ਵਿੱਚ 65 ਐਫਆਈਆਰਜ਼ ਦਰਜ ਕੀਤੀਆਂ ਗਈਆਂ । ਉਨ੍ਹਾਂ ਕਿਹਾ ਕਿ ਪੁਲਿਸ ਟੀਮਾਂ ਨੇ ਦਿਨ ਭਰ ਚੱਲੇ ਇਸ ਆਪ੍ਰੇਸ਼ਨ ਦੌਰਾਨ 407 ਸ਼ੱਕੀ ਵਿਅਕਤੀਆਂ ਦੀ ਚੈਕਿੰਗ ਵੀ ਕੀਤੀ ਹੈ।

ਜ਼ਿਕਰਯੋਗ ਹੈ ਕਿ ਸੂਬਾ ਸਰਕਾਰ ਨੇ ਸੂਬੇ ਵਿੱਚੋਂ ਨਸ਼ਿਆਂ ਦੇ ਮੁਕੰਮਲ ਖਾਤਮੇ ਲਈ ਤਿੰਨ-ਪੱਖੀ ਰਣਨੀਤੀ - ਇਨਫੋਰਸਮੈਂਟ, ਡੀ-ਅਡਿਕਸ਼ਨ ਐਂਡ ਪ੍ਰੀਵੈਨਸ਼ਨ (ਈਡੀਪੀ) - ਲਾਗੂ ਕੀਤੀ ਹੈ, ਪੰਜਾਬ ਪੁਲਿਸ ਨੇ 'ਨਸ਼ਾ ਛੁਡਾਉਣ' ਦੇ ਹਿੱਸੇ ਵਜੋਂ 59 ਵਿਅਕਤੀਆਂ ਨੂੰ ਨਸ਼ਾ ਛੁਡਾਊ ਅਤੇ ਮੁੜ ਵਸੇਬੇ ਦਾ ਇਲਾਜ ਕਰਵਾਉਣ ਲਈ ਰਾਜ਼ੀ ਕੀਤਾ ਹੈ।

# 15 ਅਗਸਤ 2025 ਦਾ ਪੰਜਾਬ ਦਾ ਸੂਬਾ ਪੱਧਰੀ ਸਮਾਗਮ ਫਰੀਦਕੋਟ ਵਿਖੇ ਕਰਵਾਇਆ ਜਾਵੇਗਾ

"ਇਕੁਐਲਿਟੀ ਐਂਡ ਜਸਟਿਸ" ਪਟਿਆਲਾ 01 ਅਗਸਤ
INTERNATIONAL PAPER, 94636 01616
hardipchumber57@gmail.com

15 ਅਗਸਤ 2025 ਨੂੰ ਦੇਸ਼ ਭਰ ਵਿਚ ਅਜ਼ਾਦੀ ਦਿਹਾੜਾ ਮਨਾਇਆ ਜਾਵੇਗਾ ਅਤੇ ਅਜ਼ਾਦੀ ਨੂੰ ਸਮਰਪਿਤ ਪ੍ਰੋਗਰਾਮ ਕਰਵਾਏ ਜਾਣਗੇ। ਪੰਜਾਬ ਸਰਕਾਰ ਵੱਲੋਂ ਵੀ ਸੂਬੇ ਭਰ ਵਿਚ ਅਜ਼ਾਦੀ ਦਿਹਾੜਾ ਧੂਮ-ਧਾਮ ਨਾਲ ਮਨਾਇਆ ਜਾਵੇਗਾ ਅਤੇ ਪੰਜਾਬ ਦਾ ਸੂਬਾ ਪੱਧਰੀ ਸਮਾਗਮ ਫਰੀਦਕੋਟ ਵਿਖੇ ਕਰਵਾਇਆ ਜਾਵੇਗਾ। ਇਥੇ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਵੱਲੋਂ ਕੌਮੀ ਝੰਡਾ ਲਹਿਰਾਇਆ ਜਾਵੇਗਾ ਅਤੇ ਪਰੇਡ ਤੋਂ ਸਲਾਮੀ ਲਈ ਜਾਵੇਗੀ।

ਇਸ ਤੋਂ ਇਲਾਵਾ ਪੰਜਾਬ ਵਿਧਾਨ ਸਭਾ ਦੇ ਸਪੀਕਰ ਕੁਲਤਾਰ ਸਿੰਘ ਸੰਧਵਾਂ ਵੱਲੋਂ ਫਿਰੋਜ਼ਪੁਰ ਵਿਖੇ, ਪੰਜਾਬ ਵਿਧਾਨ ਸਭਾ ਦੇ ਡਿਪਟੀ ਸਪੀਕਰ ਜੈ ਕਿਸ਼ਨ ਰੋੜੀ ਵੱਲੋਂ ਫਾਜ਼ਿਲਕਾ ਵਿਖੇ, ਵਿੱਤ ਮੰਤਰੀ ਹਰਪਾਲ ਸਿੰਘ ਚੀਮਾ ਵੱਲੋਂ ਰੂਪਨਗਰ ਵਿਖੇ, ਛਪਾਈ ਅਤੇ ਲਿਖਣ ਸਮੱਗਰੀ ਦੇ ਮੰਤਰੀ ਅਮਨ ਅਰੋੜਾ ਵੱਲੋਂ ਲੁਧਿਆਣਾ ਵਿਖੇ, ਇਸਤਰੀ ਤੇ ਬਾਲ ਵਿਕਾਸ ਮੰਤਰੀ ਡਾ. ਬਲਜੀਤ ਕੌਰ ਵੱਲੋਂ ਸ਼ਹੀਦ ਭਗਤ ਸਿੰਘ ਨਗਰ ਵਿਖੇ, ਪਰਵਾਸੀ ਭਾਰਤੀ ਮਾਮਲਿਆਂ ਦੇ ਮੰਤਰੀ ਸੰਜੀਵ ਅਰੋੜਾ ਵੱਲੋਂ ਸੰਗਰੂਰ ਵਿਖੇ ਝੰਡਾ ਲਹਿਰਾਉਣਗੇ।

ਸਿਹਤ ਮੰਤਰੀ ਡਾ. ਬਲਬੀਰ ਸਿੰਘ ਵੱਲੋਂ ਅੰਮ੍ਰਿਤਸਰ ਵਿਖੇ, ਜਲ ਸਪਲਾਈ ਮੰਤਰੀ ਹਰਦੀਪ ਸਿੰਘ ਮੁੰਡੀਆਂ ਵੱਲੋਂ ਗੁਰਦਾਸਪੁਰ ਵਿਖੇ, ਜੰਗਲਾਤ ਮੰਤਰੀ ਲਾਲ ਚੰਦ ਵੱਲੋਂ ਤਰਨ ਤਾਰਨ ਵਿਖੇ, ਟਰਾਂਸਪੋਰਟ ਮੰਤਰੀ ਲਾਲਜੀਤ ਸਿੰਘ ਭੁੱਲਰ ਵੱਲੋਂ ਮਾਨਸਾ ਵਿਖੇ, ਸਿੱਖਿਆ ਮੰਤਰੀ ਹਰਜੋਤ ਸਿੰਘ ਬੈਂਸ ਵੱਲੋਂ ਮੋਗਾ ਵਿਖੇ ਝੰਡਾ ਲਹਿਰਾਇਆ ਜਾਵੇਗਾ।

ਲੋਕ ਨਿਰਮਾਣ ਮੰਤਰੀ ਹਰਭਜਨ ਸਿੰਘ ਵੱਲੋਂ ਪਟਿਆਲਾ ਵਿਖੇ, ਜਲ ਸਰੋਤ ਮੰਤਰੀ ਬਰਿੰਦਰ ਗੋਇਲ ਵੱਲੋਂ ਬਠਿੰਡਾ ਵਿਖੇ, ਪੇਂਡੂ ਵਿਕਾਸ ਤੇ ਪੰਚਾਇਤ ਮੰਤਰੀ ਤਰੁਨਪ੍ਰੀਤ



ਸਿੰਘ ਸੌਂਧ ਵੱਲੋਂ ਜਲੰਧਰ ਵਿਖੇ, ਸਥਾਨਕ ਸਰਕਾਰਾਂ ਦੇ ਮੰਤਰੀ ਡਾ. ਰਵਜੋਤ ਸਿੰਘ ਵੱਲੋਂ ਪਠਾਨਕੋਟ ਵਿਖੇ, ਖੇਤੀਬਾੜੀ ਮੰਤਰੀ ਗੁਰਮੀਤ ਸਿੰਘ ਖੁੱਡੀਆਂ ਵੱਲੋਂ ਐਸ ਏ ਐਸ ਨਗਰ ਵਿਖੇ, ਬਾਗਬਾਨੀ ਵਿਭਾਗ ਦੇ ਮੰਤਰੀ ਮੋਹਿੰਦਰ ਭਗਤ ਵੱਲੋਂ ਹੁਸ਼ਿਆਰਪੁਰ ਵਿਖੇ ਕੌਮੀ ਝੰਡਾ ਲਹਿਰਾਇਆ ਜਾਵੇਗਾ।

# ਟਰੰਪ ਨੇ 25 ਫ਼ੀਸਦ ਟੈਰਿਫ ਲਗਾ ਕੇ ਮੋਦੀ ਨੂੰ ਦੋਸਤੀ ਦਾ ਇਨਾਮ ਦਿੱਤਾ

## ਭਾਜਪਾ ਦੀ ਅਗਵਾਈ ਹੇਠਲੀ ਸਰਕਾਰ ਨੇ ਦੇਸ਼ ਦੇ ਅਰਥਚਾਰੇ, ਰੱਖਿਆ ਅਤੇ ਵਿਦੇਸ਼ ਨੀਤੀਆਂ ਨੂੰ ਤਬਾਹ ਕੀਤੀ

"ਇਕੁਐਲਿਟੀ ਐਂਡ ਜਸਟਿਸ" ਪਟਿਆਲਾ 01 ਅਗਸਤ
INTERNATIONAL PAPER, 94636 01616
hardipchumber57@gmail.com



ਭਾਰਤੀ ਅਰਥਚਾਰੇ ਬਾਰੇ ਅਮਰੀਕੀ ਰਾਸ਼ਟਰਪਤੀ ਡੋਨਲਡ ਟਰੰਪ ਵੱਲੋਂ ਕੀਤੀ ਗਈ ਆਲੋਚਨਾ ਨਾਲ ਸੁਰ ਮਿਲਾਉਂਦਿਆਂ ਕਾਂਗਰਸ ਆਗੂ ਰਾਹੁਲ ਗਾਂਧੀ ਨੇ ਅੱਜ ਕਿਹਾ ਕਿ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਅਤੇ ਵਿੱਤ ਮੰਤਰੀ ਨਿਰਮਲਾ ਸੀਤਾਰਮਨ ਨੂੰ ਛੱਡ ਕੇ ਹਰ ਕੋਈ ਜਾਣਦਾ ਹੈ ਕਿ ਦੇਸ਼ ਦਾ ਅਰਥਚਾਰਾ 'ਬੇਜਾਨ' ਹੈ। ਲੋਕ ਸਭਾ 'ਚ ਵਿਰੋਧੀ ਧਿਰ ਦੇ ਆਗੂ ਨੇ ਇਹ ਵੀ ਦੋਸ਼ ਲਾਇਆ ਕਿ ਭਾਜਪਾ ਦੀ ਅਗਵਾਈ ਹੇਠਲੀ ਸਰਕਾਰ ਨੇ ਦੇਸ਼ ਦੇ ਅਰਥਚਾਰੇ, ਰੱਖਿਆ ਅਤੇ ਵਿਦੇਸ਼ ਨੀਤੀਆਂ ਨੂੰ ਤਬਾਹ ਕਰ ਦਿੱਤਾ ਹੈ ਅਤੇ ਉਹ ਦੇਸ਼ ਨੂੰ ਨਿਵਾਣ ਵੱਲ ਲਿਜਾ ਰਹੇ ਹਨ। ਕਾਂਗਰਸ ਪ੍ਰਧਾਨ ਮਲਿਕਾਰਜੁਨ ਖੜਗੇ ਨੇ ਕਿਹਾ ਕਿ ਟਰੰਪ ਨੇ 25 ਫ਼ੀਸਦ ਟੈਰਿਫ ਲਗਾ ਕੇ ਮੋਦੀ ਨੂੰ ਦੋਸਤੀ ਦਾ ਇਨਾਮ ਦਿੱਤਾ ਹੈ।

ਸੰਸਦੀ ਕੰਪਲੈਕਸ 'ਚ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਰਾਹੁਲ ਨੇ ਇਹ ਵੀ ਦਾਅਵਾ ਕੀਤਾ ਕਿ ਅਮਰੀਕਾ ਨਾਲ ਵਪਾਰ ਸਮਝੌਤਾ ਟਰੰਪ ਦੀਆਂ ਸ਼ਰਤਾਂ 'ਤੇ ਹੋਵੇਗਾ ਅਤੇ ਮੋਦੀ ਉਹ ਕੁਝ ਕਰਨਗੇ ਜੋ ਅਮਰੀਕੀ ਰਾਸ਼ਟਰਪਤੀ ਆਖਣਗੇ। ਕਾਂਗਰਸ ਪ੍ਰਧਾਨ ਮਲਿਕਾਰਜੁਨ ਖੜਗੇ ਨੇ ਕਿਹਾ ਕਿ ਅਮਰੀਕੀ ਰਾਸ਼ਟਰਪਤੀ ਡੋਨਲਡ ਟਰੰਪ ਵੱਲੋਂ ਭਾਰਤ ਬਾਰੇ ਲਾਏ ਗਏ ਆਧਾਰਹੀਣ ਦੋਸ਼ਾਂ 'ਤੇ ਕੀ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਹਾਲੇ ਵੀ ਖਾਮੋਸ਼ ਰਹਿਣਗੇ। ਕਾਂਗਰਸ ਪ੍ਰਧਾਨ ਨੇ ਕਿਹਾ, ''ਤੁਹਾਡੇ ਦੋਸਤ-'ਨਮਸਤੇ ਟਰੰਪ ਤੇ ਅਬਕੀ ਬਾਰ ਟਰੰਪ ਸਰਕਾਰ' ਨੇ ਤੁਹਾਡੀ ਦੋਸਤੀ ਦਾ ਮੁਲਕ ਨੂੰ ਇਨਾਮ ਦਿੱਤਾ ਹੈ।'

# ਉਪ ਰਾਸ਼ਟਰਪਤੀ ਦੀ ਚੋਣ 9 ਸਤੰਬਰ ਨੂੰ ਹੋਵੇਗੀ: ਚੋਣ ਕਮਿਸ਼ਨ

## 7 ਅਗਸਤ ਨੂੰ ਜਾਰੀ ਹੋਵੇਗਾ ਨੋਟੀਫਿਕੇਸ਼ਨ, ਨਾਮਜ਼ਦਗੀ ਪੱਤਰ ਦਾਖਲ ਕਰਨ ਦੀ ਆਖਰੀ ਮਿਤੀ 21 ਅਗਸਤ ਹੋਵੇਗੀ

"ਇਕੁਐਲਿਟੀ ਐਂਡ ਜਸਟਿਸ" ਪਟਿਆਲਾ 01 ਅਗਸਤ
INTERNATIONAL PAPER, 94636 01616
hardipchumber57@gmail.com

ਦੇਸ਼ ਦੇ ਦੂਜੇ ਸਭ ਤੋਂ ਉੱਚੇ ਸੰਵਿਧਾਨਕ ਅਹੁਦੇ ਉਪ ਰਾਸ਼ਟਰਪਤੀ ਦੀ ਚੋਣ ਲਈ ਮੰਚ ਤਿਆਰ ਹੋ ਗਿਆ ਹੈ। ਚੋਣ ਕਮਿਸ਼ਨ ਨੇ ਸ਼ੁੱਕਰਵਾਰ ਨੂੰ ਚੋਣ ਪ੍ਰੋਗਰਾਮ ਲਈ ਤਰੀਕਾਂ ਐਲਾਨ ਦਿੱਤੀਆਂ ਹਨ। ਚੋਣਾਂ ਲਈ ਨੋਟੀਫਿਕੇਸ਼ਨ 7 ਅਗਸਤ ਨੂੰ ਜਾਰੀ ਕੀਤਾ ਜਾਵੇਗਾ, ਨਾਮਜ਼ਦਗੀਆਂ ਦਾਖਲ ਕਰਨ ਦੀ ਆਖਰੀ ਮਿਤੀ 21 ਅਗਸਤ, ਪੜਤਾਲ ਦੀ ਆਖਰੀ ਮਿਤੀ 22 ਅਗਸਤ ਅਤੇ ਜੇ ਜ਼ਰੂਰੀ ਹੋਇਆ ਤਾਂ ਵੋਟਿੰਗ ਦੀ ਮਿਤੀ 9 ਸਤੰਬਰ ਹੋਵੇਗੀ। ਚੋਣ ਕਮਿਸ਼ਨ ਨੇ ਕਿਹਾ ਕਿ ਨਾਮਜ਼ਦਗੀਆਂ ਵਾਪਸ ਲੈਣ ਦੀ ਆਖਰੀ ਮਿਤੀ 25 ਅਗਸਤ ਹੋਵੇਗੀ।

ਜੇਕਰ ਇੱਕ ਤੋਂ ਵੱਧ ਉਮੀਦਵਾਰ ਹਨ ਤਾਂ 9 ਸਤੰਬਰ ਨੂੰ ਵੋਟਾਂ ਪੈਣਗੀਆਂ ਅਤੇ ਵੋਟਾਂ ਦੀ ਗਿਣਤੀ ਉਸੇ ਤਰੀਕ ਨੂੰ ਹੋਵੇਗੀ। ਇਸ ਦੌਰਾਨ ਵਿਰੋਧੀ ਧਿਰਾਂ ਦੇ ਇੰਡੀਆ ਗੱਠਜੋੜ ਨੇ ਕਿਹਾ ਹੈ ਕਿ ਉਹ ਇੱਕ ਸਾਂਝਾ ਉਮੀਦਵਾਰ ਖੜ੍ਹਾ ਕਰਨਗੇ। ਉਧਰ ਭਾਜਪਾ ਨੇ ਅਜੇ ਤੱਕ ਇਸ ਮੁੱਦੇ 'ਤੇ ਸਹਿਯੋਗੀਆਂ ਨਾਲ ਚਰਚਾ ਸ਼ੁਰੂ ਨਹੀਂ ਕੀਤੀ ਹੈ, ਅਤੇ ਸੂਤਰਾਂ ਨੇ ਦੱਸਿਆ ਕਿ ਚਰਚਾ ਅਗਲੇ ਹਫ਼ਤੇ ਹੋਵੇਗੀ। ਜਗਦੀਪ ਧਨਖੜ ਨੇ 11 ਅਗਸਤ, 2022 ਨੂੰ ਭਾਰਤ ਦੇ 14ਵੇਂ ਉਪ ਰਾਸ਼ਟਰਪਤੀ ਅਤੇ ਰਾਜ ਸਭਾ ਦੇ ਚੇਅਰਮੈਨ ਵਜੋਂ ਅਹੁਦਾ ਸੰਭਾਲਿਆ ਸੀ। ਉਨ੍ਹਾਂ ਐੱਮ ਵੈਂਕੱਈਆ ਨਾਇਡੂ ਦੀ ਥਾਂ ਲਈ ਸੀ। ਧਨਖੜ ਨੇ 21 ਜੁਲਾਈ ਨੂੰ ਖਰਾਬ ਸਿਹਤ ਦੇ ਹਵਾਲੇ ਨਾਲ ਅਹੁਦੇ ਤੋਂ ਅਸਤੀਫਾ ਦੇ ਦਿੱਤਾ ਸੀ ਜਿਸ ਕਾਰਨ ਚੋਣ ਕਰਵਾਉਣ ਦੀ ਲੋੜ ਪਈ ਸੀ। ਨਵੇਂ ਚੁਣੇ ਜਾਣ ਵਾਲੇ ਉਪ ਰਾਸ਼ਟਰਪਤੀ ਦਾ ਕਾਰਜਕਾਲ ਅਹੁਦਾ ਸੰਭਾਲਣ ਦੀ ਮਿਤੀ ਤੋਂ ਪੂਰੇ ਪੰਜ ਸਾਲ ਲਈ ਹੋਵੇਗਾ।

"ਇਕੁਐਲਿਟੀ ਐਂਡ ਜਸਟਿਸ"
ਪਟਿਆਲਾ 01 ਅਗਸਤ
INTERNATIONAL PAPER, 94636 01616
hardipchumber57@gmail.com

# ਸਾਡੀ ਆਜ਼ਾਦੀ ਦੀ ਲੜਾਈ ਹਾਲੇ ਬਾਕੀ ਹੈ- ਬਾਬਾ ਸਾਹਿਬ

ਬਾਬਾ ਸਾਹਿਬ ਕਹਿੰਦੇ ਹਨ

ਇੰਜੀ. ਹਰਦੀਪ ਸਿੰਘ ਚੁੰਬਰ

**1935 ਦੇ ਐਕਟ ਦੇ ਲਾਗੂ ਹੋਣ ਤੋਂ ਬਾਅਦ, ਇੰਡੀਅਨ ਨੈਸ਼ਨਲ ਕਾਂਗਰਸ ਪਾਰਟੀ ਨੇ 1937 ਵਿੱਚ ਭਾਰਤ ਦੇ ਅੱਧੇ ਰਾਜਾਂ ਵਿੱਚ ਸਰਕਾਰਾਂ ਬਣਾਈਆਂ ਅਤੇ ਚਤਰਵਰਨ ਦੇ ਹਿੰਦੂ ਲੋਕਾਂ ਨੇ 7 ਰਾਜਾਂ ਦੇ ਬ੍ਰਾਹਮਣ ਮੁੱਖ ਮੰਤਰੀ ਬਣਾਏ ਅਤੇ ਮੰਤਰੀ, ਵਿਧਾਇਕ ਬਣੇ ਅਤੇ ਸੰਸਦ ਮੈਂਬਰ ਆਦਿ ਵੀ ਬਣਨ ਲੱਗੇ। ਹੁਣ ਸ਼ਾਸਨ, ਪ੍ਰਸ਼ਾਸਨ ਦਾ ਪ੍ਰਬੰਧ ਭਾਰਤ ਚਤਰਵਰਨ ਦੇ ਲੋਕਾਂ ਦੇ ਹੱਥਾਂ ਵਿੱਚ ਸੀ, ਫਿਰ ਵੀ ਇਹ ਲੋਕ ਆਪਣੇ ਆਪ ਨੂੰ ਅੰਗਰੇਜ਼ਾਂ ਦਾ ਗੁਲਾਮ ਮੰਨਦੇ ਸਨ। 1947 ਵਿੱਚ ਸੱਤਾ ਬਦਲਣ ਤੋਂ ਬਾਅਦ, ਅਨੁਸੂਚਿਤ ਵਰਗ ਨੂੰ ਲਗਭਗ ਉਹ ਜਿਹੇ ਅਧਿਕਾਰਾਂ ਦੀ ਪ੍ਰਾਪਤੀ ਦਾ ਕੁੱਝ ਲਾਭ ਹੋਇਆ ਜਿਹੇ ਜਿਹਾ ਲਾਭ ਬ੍ਰਿਟਿਸ਼ ਸ਼ਾਸਨ ਕਾਲ ਦੌਰਾਨ ਚਤਰਵਰਨ ਦੇ ਹਿੰਦੂ ਲੋਕਾਂ ਨੂੰ ਹਾਸਲ ਹੋਇਆ ਸੀ। ਮੌਜੂਦਾ ਸਮੇਂ ਵੀ ਅਨੁਸੂਚਿਤ ਵਰਗ ਦੇ ਲੋਕ ਮੁੱਖ ਮੰਤਰੀ, ਮੰਤਰੀ, ਵਿਧਾਇਕ, ਸੰਸਦ ਮੈਂਬਰ ਬਣ ਜਾਂਦੇ ਹਨ, ਪਰ ਉਹ ਸਮਾਨਤਾ ਦੇ ਅਧਿਕਾਰਾਂ ਤੋਂ ਵਾਂਝੇ ਵਰਗ ਨੂੰ ਬਣਦਾ ਹੱਕ ਦਿਵਾਉਣ ਦੇ ਲਈ ਕੁੱਝ ਵੀ ਨਹੀਂ ਕਰ ਸਕਦੇ।**

### ਕੱਲ੍ਹ ਦੇ ਲੇਖ 'ਕਿਸੇ ਸਾਜ਼ਿਸ਼ ਦਾ ਸ਼ਿਕਾਰ ਨਾ ਹੋਵੋ' ਦੀ ਨਿਰੰਤਰਤਾ

ਅਜਿਹੀ ਸਥਿਤੀ ਵਿੱਚ ਇਸ 'ਹਰੀਜਨ' ਸੰਗਠਨ ਦੀ ਸਥਿਤੀ ਕੀ ਹੋਵੇਗੀ। ਮੈਂ ਅੱਜ ਇਸ ਸੰਬੰਧ ਵਿੱਚ ਤੁਹਾਨੂੰ ਕੁਝ ਕਹਿਣਾ ਜ਼ਰੂਰੀ ਜਾਂ ਉਚਿਤ ਨਹੀਂ ਸਮਝਦਾ। ਕੀ ਕਿਸੇ ਨੇ ਭਵਿੱਖ ਵਿੱਚ ਪੈਦਾ ਹੋਣ ਵਾਲੀ ਅਜਿਹੀ ਸਥਿਤੀ ਬਾਰੇ ਕੋਈ ਰੌਸ਼ਨੀ ਪਾਉਣ ਦੀ ਕੋਸ਼ਿਸ਼ ਕੀਤੀ ਹੈ? ਹੁਣ ਤੱਕ ਸਾਡੇ ਸੰਘਰਸ਼ ਵਿੱਚ ਸਾਡਾ ਸਮਰਥਨ ਅਤੇ ਮਦਦ ਕਰਨ ਵਾਲੇ



ਇੱਕੋ ਇੱਕ ਵਿਅਕਤੀ ਸ਼੍ਰੀ ਸ਼ਿਵਤਾਰਕਰ ਮਾਸਟਰ ਹਨ। ਉਹ ਚਮਾਰ ਜਾਤੀ ਵਿੱਚ ਪੈਦਾ ਹੋਏ ਇੱਕ ਪ੍ਰਮੁੱਖ ਨੇਤਾ ਹਨ। ਬਦਕਿਸਮਤੀ ਨਾਲ ਉਨ੍ਹਾਂ ਨੂੰ ਅਜੇ ਤੱਕ ਮਿਉਂਸਪਲ ਕਮੇਟੀ ਤੋਂ ਚੋਣਾਂ ਲੜਨ ਦੀ ਇਜਾਜ਼ਤ ਨਹੀਂ ਮਿਲੀ ਹੈ। ਇਸ ਲਈ ਉਨ੍ਹਾਂ ਨੂੰ ਸਾਡੀ ਪਾਰਟੀ ਦੇ ਉਮੀਦਵਾਰ ਵਜੋਂ ਨਾਮਜ਼ਦ ਕਰਨਾ ਸੰਭਵ ਨਹੀਂ ਹੈ।

ਮੈਨੂੰ ਲੱਗਦਾ ਹੈ ਕਿ ਵਿਧਾਨ ਸਭਾ ਵਿੱਚ ਦਾਖਲ ਹੋਣ ਨਾਲੋਂ ਬਾਹਰੋਂ ਕੰਮ ਕਰਨਾ ਬਿਹਤਰ ਹੈ। ਧਰਮ ਪਰਿਵਰਤਨ ਦਾ ਸਵਾਲ ਵੀ ਇੱਕ ਭਖਦਾ ਸਵਾਲ ਬਣਿਆ ਹੋਇਆ ਹੈ।

ਇਸ ਦੇ ਬਾਵਜੂਦ, ਆਪਣੇ ਲੋਕਾਂ ਦੀਆਂ ਇੱਛਾਵਾਂ ਦਾ ਸਤਿਕਾਰ ਕਰਦੇ ਹੋਏ ਮੈਂ ਸੁਤੰਤਰ ਲੇਬਰ ਪਾਰਟੀ ਦੇ ਉਮੀਦਵਾਰ ਵਜੋਂ ਵਿਧਾਨ ਸਭਾ ਵਿੱਚ ਦਾਖਲ ਹੋਣ ਦਾ ਫੈਸਲਾ ਕੀਤਾ ਹੈ। ਮੈਨੂੰ ਪੂਰਾ ਵਿਸ਼ਵਾਸ ਹੈ ਕਿ ਸਾਡੇ ਇਸ ਫੈਸਲੇ ਕਾਰਨ ਕਾਂਗਰਸ ਸਾਡੇ ਰਾਹ ਵਿੱਚ ਰੁਕਾਵਟਾਂ ਪੈਦਾ ਕਰਨ ਦੀ ਹਰ ਸੰਭਵ ਕੋਸ਼ਿਸ਼ ਕਰੇਗੀ। ਦਰਅਸਲ, ਉਨ੍ਹਾਂ ਨੇ ਅੱਜ ਤੋਂ ਹੀ ਆਪਣੀਆਂ ਕੋਸ਼ਿਸ਼ਾਂ ਸ਼ੁਰੂ ਕਰ ਦਿੱਤੀਆਂ ਹਨ ਤਾਂ ਜੋ ਮੈਨੂੰ ਵਿਧਾਨ ਸਭਾ ਤੋਂ ਬਾਹਰ ਰੱਖਿਆ ਜਾ ਸਕੇ। ਇਸ ਲਈ ਸਾਨੂੰ ਸਾਰਿਆਂ ਨੂੰ ਚੌਕਸ ਅਤੇ ਸੰਗਠਿਤ ਰਹਿਣਾ ਪਵੇਗਾ ਅਤੇ ਅਨੁਸ਼ਾਸਿਤ ਢੰਗ ਨਾਲ ਕੰਮ ਕਰਦੇ ਰਹਿਣਾ ਪਵੇਗਾ। ਇਸ ਵਾਰ ਮੈਨੂੰ ਤੁਹਾਡੀਆਂ ਸਾਰੀਆਂ ਵੋਟਾਂ ਦੀ ਲੋੜ ਹੈ। ਇਹ ਨਾ ਸੋਚੋ ਕਿ ਮੈਂ ਵਿਧਾਨ ਸਭਾ ਲਈ ਚੁਣੇ ਜਾਣ ਲਈ ਆਪਣੇ ਸਿਧਾਂਤਾਂ ਦੀ ਕੁਰਬਾਨੀ ਦੇਣ ਜਾ ਰਿਹਾ ਹਾਂ।

ਤੁਹਾਨੂੰ ਇਹ ਗੱਲ ਸਪੱਸ਼ਟ ਤੌਰ 'ਤੇ ਸਮਝਣੀ ਚਾਹੀਦੀ ਹੈ ਅਤੇ ਆਪਣੇ ਮਨ ਵਿੱਚ ਰੱਖਣੀ ਚਾਹੀਦੀ ਹੈ ਕਿ ਤੁਹਾਡੀ ਮਦਦ ਕਰਨ ਵਾਲਾ ਕੋਈ ਨਹੀਂ ਹੈ। ਮੈਂ ਤੁਹਾਨੂੰ ਸਲਾਹ ਦੇਣਾ ਚਾਹੁੰਦਾ ਹਾਂ ਕਿ ਤੁਸੀਂ ਕਿਸੇ ਸਾਜ਼ਿਸ਼ ਦਾ ਸ਼ਿਕਾਰ ਨਾ ਹੋਵੋ। ਅਜਿਹੇ ਸਮੇਂ ਤੁਹਾਨੂੰ ਸਵਾਰਥ, ਲਾਲਚ ਅਤੇ ਤੰਗ ਸੋਚ ਨੂੰ ਛੱਡਣਾ ਪਵੇਗਾ। ਕੁਝ ਲੋਕ ਜੋ ਪਾਰਟੀ ਉਮੀਦਵਾਰਾਂ ਦੀ ਸੂਚੀ ਵਿੱਚ ਜਗ੍ਹਾ ਨਹੀਂ ਲੱਭ ਸਕੇ, ਉਨ੍ਹਾਂ ਨੇ ਆਪਣੇ ਪਛਤਾਵੇ ਅਤੇ ਨਿਰਾਸ਼ਾ ਵਿੱਚ ਪਾਰਟੀ ਤੋਂ ਭੰਗ ਅਤੇ ਵੱਖ ਹੋਣ ਦਾ ਰਸਤਾ ਆਸਾਨੀ ਨਾਲ ਚੁਣਿਆ ਹੈ। ਤੁਹਾਨੂੰ ਇਹ ਗੱਲ ਆਪਣੇ ਮਨ ਵਿੱਚ ਰੱਖਣੀ ਚਾਹੀਦੀ ਹੈ ਕਿ ਜਿਸ ਰੁੱਖ ਨੂੰ ਸਾਨੂੰ ਆਸਰਾ, ਠੰਢਾ ਅਤੇ ਤਾਜ਼ਗੀ ਭਰਿਆ ਛਾਂ, ਆਰਾਮ ਅਤੇ ਸੁਰੱਖਿਆ ਮਿਲਦੀ ਹੈ, ਉਸ ਨੂੰ ਪਾਲਿਆ-ਪੋਸਿਆ ਅਤੇ ਸੁਰੱਖਿਅਤ ਰੱਖਣ ਦੀ ਲੋੜ ਹੈ। ਮੈਨੂੰ ਯਕੀਨ ਹੈ ਕਿ ਤੁਸੀਂ ਕਦੇ ਵੀ ਇਸ ਦੀਆਂ ਟਾਹਣੀਆਂ ਨੂੰ ਕਿਸੇ ਵੀ ਤਰੀਕੇ ਨਾਲ ਤਬਾਹ ਕਰਨ ਦੀ ਕੋਸ਼ਿਸ਼ ਨਹੀਂ ਕਰੋਗੇ।

ਮੈਨੂੰ ਸ਼ੱਕ ਹੈ ਕਿ ਕੀ ਉਹ ਸਾਰੇ ਜੋ ਸਵਾਰਥੀ ਇਰਾਦਿਆਂ ਨਾਲ ਚੱਲ ਰਹੇ ਹਨ ਅਤੇ ਜਿਨ੍ਹਾਂ ਨੇ ਸਾਡੇ ਉਦੇਸ਼ ਨੂੰ ਤੋੜਨ ਦਾ ਰਸਤਾ ਚੁਣਿਆ ਹੈ, ਉਨ੍ਹਾਂ ਨੂੰ ਕੁਝ ਮਿਲੇਗਾ। ਮੈਨੂੰ ਲੱਗਦਾ ਹੈ ਕਿ ਉਨ੍ਹਾਂ ਨੂੰ ਕੁਝ ਵੀ ਹਾਸਲ ਨਹੀਂ ਹੋਵੇਗਾ। ਇਹ ਉਹ ਲੋਕ ਹਨ ਜੋ ਆਪਣੇ ਪੈਰਾਂ 'ਤੇ ਖੁਦ ਕੁਹਾੜੀ ਮਾਰਦੇ ਹਨ।

ਬਾਕੀ ਸਾਰੀਆਂ ਗਤੀਵਿਧੀਆਂ ਨੂੰ ਪਾਸੇ ਰੱਖ ਕੇ, ਮੈਂ ਇਹ ਪ੍ਰੋਗਰਾਮ ਆਪਣੇ ਸਾਥੀਆਂ ਦੀ ਮਦਦ ਅਤੇ ਸਹਿਯੋਗ ਨਾਲ ਤਿਆਰ ਕੀਤਾ ਹੈ ਅਤੇ ਮੈਂ ਇਸਨੂੰ ਤੁਹਾਡੇ ਸਾਹਮਣੇ ਰੱਖਦਾ ਹਾਂ। ਮੈਨੂੰ ਉਮੀਦ ਹੈ ਕਿ ਤੁਸੀਂ ਸਾਰੇ ਸਮਤਾ ਸੈਨਿਕ ਦਲ ਦੇ ਮੈਂਬਰ ਇਸਦੀ ਸਫਲਤਾ ਲਈ ਅਨੁਸ਼ਾਸਿਤ ਅਤੇ ਤੇਜ਼ ਯਤਨ ਕਰੋਗੇ।

ਸਾਨੂੰ ਬਹੁਤ ਮਜ਼ਬੂਤ ਅਤੇ ਸ਼ਕਤੀਸ਼ਾਲੀ ਦੁਸ਼ਮਣਾਂ ਦਾ ਸਾਹਮਣਾ ਕਰਨਾ ਪਵੇਗਾ। ਇਸ ਲਈ ਬੰਬਈ ਸ਼ਹਿਰ ਵਿੱਚ ਸਮਤਾ ਸੈਨਿਕਾਂ ਦੀ ਘੱਟੋ-ਘੱਟ 2000 ਦੀ ਤਾਕਤ ਹੋਣੀ ਚਾਹੀਦੀ ਹੈ। ਵਿਸ਼ਵਾਸ, ਸਮਰਪਣ ਅਤੇ ਏਕਤਾ ਦੇ ਨਾਲ ਲੋੜੀਂਦੀ ਮਨੁੱਖੀ ਸ਼ਕਤੀ ਦੇ ਨਾਲ, ਕਿਸੇ ਵੀ ਸਥਿਤੀ ਵਿੱਚੋਂ ਬਾਹਰ ਨਿਕਲਣਾ ਮੇਰੇ ਲਈ ਮੁਸ਼ਕਲ ਨਹੀਂ ਹੋਵੇਗਾ, ਭਾਵੇਂ ਇਹ ਕਿੰਨੀ ਵੀ ਗੰਭੀਰ ਕਿਉਂ ਨਾ ਹੋਵੇ। ਕਾਂਗਰਸ ਅਤੇ ਹੋਰ ਸੰਗਠਨ ਜੋ ਸਾਡੇ ਉਦੇਸ਼ ਪ੍ਰਤੀ ਹਮਲਾਵਰ ਹਨ, ਮੇਰੀ ਚੋਣ ਦੇ ਰਾਹ ਵਿੱਚ ਬਹੁਤ ਸਾਰੀਆਂ ਰੁਕਾਵਟਾਂ ਪਾਉਣ ਦੀ ਕੋਸ਼ਿਸ਼ ਕਰ ਰਹੇ ਹਨ। ਮੈਨੂੰ ਪੂਰਾ ਵਿਸ਼ਵਾਸ ਹੈ ਕਿ ਸਾਡੇ ਭਾਈਚਾਰੇ ਦੇ ਸਾਰੇ ਮੈਂਬਰ ਆਪਣੇ ਕੀਮਤੀ ਵੋਟ ਮੇਰੇ ਹੱਕ ਵਿੱਚ ਪਾਉਣਗੇ ਅਤੇ ਮੇਰੇ ਵਾਰਡ ਵਿੱਚ ਇੱਕ ਵੀ ਮੈਂਬਰ ਅਜਿਹਾ ਨਹੀਂ ਹੋਵੇਗਾ ਜੋ ਆਪਣੀ ਵੋਟ ਨਾ ਪਾਵੇ। ਇਹ ਉਦੋਂ ਹੀ ਪੂਰਾ ਹੋ ਸਕਦਾ ਹੈ ਜਦੋਂ ਸਮਤਾ ਸੈਨਿਕ ਦਲ ਇਸ ਕੰਮ ਨੂੰ ਆਪਣੇ ਹੱਥਾਂ ਵਿੱਚ ਲਵੇਗਾ।

ਮੈਨੂੰ ਯਕੀਨ ਹੈ ਕਿ ਮੇਰੀ ਗੈਰਹਾਜ਼ਰੀ ਵਿੱਚ ਸਮਤਾ ਸੈਨਿਕ ਦਲ ਦਾ ਹਰ ਮੈਂਬਰ ਇਸ ਮਹੱਤਵਪੂਰਨ ਕੰਮ ਨੂੰ ਉਤਸ਼ਾਹ ਅਤੇ ਲਗਨ ਨਾਲ ਕਰੇਗਾ। ਮੈਂ ਇਸ ਉਦੇਸ਼ ਲਈ ਇੱਕ ਕਮੇਟੀ ਨਿਯੁਕਤ ਕੀਤੀ ਹੈ। ਮੈਨੂੰ ਯਕੀਨ ਹੈ ਕਿ ਇਸ ਕਮੇਟੀ ਦੀ ਮਦਦ ਨਾਲ ਤੁਸੀਂ ਇਸ ਕੰਮ ਨੂੰ ਪੂਰਾ ਕਰਨ ਦੇ ਯੋਗ ਹੋਵੋਗੇ।

### ਅਸੀਂ ਆਪਣੇ ਦੁੱਖ ਨੂੰ ਜਾਰੀ ਨਹੀਂ ਰੱਖ ਸਕਦੇ

30 ਮਈ, 1937 ਨੂੰ ਬੰਬਈ ਦੇ ਕਾਮਗਾਰ ਮੈਦਾਨ ਪਰੇਲ ਵਿਖੇ ਸੁਤੰਤਰ ਲੇਬਰ ਪਾਰਟੀ ਦੀ ਸਰਪ੍ਰਸਤੀ ਹੇਠ ਇੱਕ ਵੱਡੀ ਮੀਟਿੰਗ ਹੋਈ। ਇਹ ਮੀਟਿੰਗ ਵਿਸ਼ੇਸ਼ ਤੌਰ 'ਤੇ ਕਾਰਜਕਾਰੀ ਕੌਂਸਲ ਲਈ ਚੁਣੇ ਗਏ ਡੈਲੀਗੇਟਾਂ ਨੂੰ ਵਧਾਈ ਦੇਣ ਲਈ ਆਯੋਜਿਤ ਕੀਤੀ ਗਈ ਸੀ। ਡਾ. ਪੀ.ਜੇ. ਸੋਲੰਕੀ ਨੇ ਮੀਟਿੰਗ ਦੀ ਪ੍ਰਧਾਨਗੀ ਕੀਤੀ।

ਇਸ ਮੀਟਿੰਗ ਲਈ ਲਗਭਗ 15000 ਲੋਕ ਇਕੱਠੇ ਹੋਏ ਜਿਨ੍ਹਾਂ ਵਿੱਚ ਲਗਭਗ 1200 ਔਰਤਾਂ ਸ਼ਾਮਲ ਸਨ। ਇਸ ਮੀਟਿੰਗ ਦੇ ਪ੍ਰਬੰਧ ਕਰਨ ਲਈ ਸਮਤਾ ਸੈਨਿਕ ਦਲ ਦੀਆਂ ਵੱਖ-ਵੱਖ ਇਕਾਈਆਂ ਨੂੰ ਵਿਸ਼ੇਸ਼ ਤੌਰ 'ਤੇ ਬੁਲਾਇਆ ਗਿਆ ਸੀ।'

"ਇਸ ਮੀਟਿੰਗ ਵਿੱਚ ਡਾ. ਬੀ. ਆਰ. ਅੰਬੇਡਕਰ ਨੇ ਆਪਣੇ ਵਿਚਾਰ ਦੁਹਰਾਏ ਅਤੇ ਇੱਕ ਨਵੇਂ ਸੰਵਿਧਾਨ ਲਈ ਕੰਮ ਕਰਨ ਦਾ ਆਪਣਾ ਦ੍ਰਿੜ੍ਹ ਇਰਾਦਾ ਪ੍ਰਗਟ ਕੀਤਾ ਜੋ ਦੱਬੇ-ਕੁਚਲੇ ਵਰਗਾਂ ਦੇ ਹਿੱਤ ਵਿੱਚ ਹੋਵੇਗਾ। ਕਾਂਗਰਸ ਪਾਰਟੀ ਨੂੰ ਖੇਡਾਂ ਖੇਡਣ ਅਤੇ ਰੁਕਾਵਟਾਂ ਪੈਦਾ ਕਰਨ ਤੋਂ ਰੋਕਣ ਦੀ ਅਪੀਲ ਕਰਦੇ ਹੋਏ, ਉਨ੍ਹਾਂ ਕਾਂਗਰਸ ਪਾਰਟੀ ਨੂੰ ਚੇਤਾਵਨੀ ਦਿੱਤੀ ਅਤੇ ਕਿਹਾ: "ਅਸੀਂ ਆਪਣੇ ਦੁੱਖਾਂ ਨੂੰ ਉਦੋਂ ਤੱਕ ਜਾਰੀ ਨਹੀਂ ਰਹਿਣ ਦੇ ਸਕਦੇ ਜਦੋਂ ਤੱਕ ਕਾਂਗਰਸੀ ਸਾਮਰਾਜਵਾਦ ਵਿਰੁੱਧ ਅਖੌਤੀ ਲੜਾਈ ਖਤਮ ਨਹੀਂ ਹੋ ਜਾਂਦੀ"। ਆਪਣੇ ਭਾਸ਼ਣ ਵਿੱਚ ਉਨ੍ਹਾਂ ਨੇ ਜਵਾਹਰ ਲਾਲ ਨਹਿਰੂ ਵਰਗੇ ਕਾਂਗਰਸੀ ਨੇਤਾਵਾਂ ਦੁਆਰਾ ਅਪਣਾਏ

"ਇਕੁਐਲਿਟੀ ਐਂਡ ਜਸਟਿਸ"
"Equality and Justice" ਸੁਤੰਤਰਤਾ, ਸਮਾਨਤਾ, ਭਾਈਚਾਰਾ

ਗਏ ਪਹੁੰਚ ਦੀ ਨਿੰਦਾ ਕੀਤੀ, ਜਿਨ੍ਹਾਂ ਨੇ ਦੱਬੇ-ਕੁਚਲੇ ਵਰਗਾਂ ਵਿੱਚੋਂ ਲਏ ਗਏ ਕੁਝ ਸੇਵਕਾਂ ਨੂੰ ਇਨ੍ਹਾਂ ਸੀਟਾਂ 'ਤੇ ਚੋਣ ਲੜਨ ਲਈ ਨਾਮਜ਼ਦ ਕੀਤਾ ਸੀ। ਉਨ੍ਹਾਂ ਨੇ ਨਹਿਰੂ ਦੇ ਸੇਵਕ ਹਰੀ ਨੂੰ ਇਸ ਪਹੁੰਚ ਵਿੱਚ ਇੱਕ ਉਦਾਹਰਣ ਵਜੋਂ ਦਰਸਾਇਆ। ਉਨ੍ਹਾਂ ਨੇ ਅੰਤਰਿਮ ਕੈਬਨਿਟ ਵਿੱਚ ਅਹੁਦਾ ਕਿਉਂ ਨਹੀਂ ਸੰਭਾਲਿਆ, ਉਨ੍ਹਾਂ ਕਿਹਾ ਕਿ ਮੰਤਰੀ ਮੰਡਲ ਵਿੱਚ ਅਜਿਹਾ ਅਹੁਦਾ ਸਵੀਕਾਰ ਕਰਨ ਦਾ ਕੋਈ ਫਾਇਦਾ ਨਹੀਂ ਹੈ ਜਿਸ ਕੋਲ ਵਿਧਾਨ ਸਭਾ ਵਿੱਚ ਬਹੁਮਤ ਨਹੀਂ ਸੀ ਅਤੇ ਜਿਸਦੇ ਲੰਬੇ ਸਮੇਂ ਤੱਕ ਚੱਲਣ ਦੀ ਸੰਭਾਵਨਾ ਨਹੀਂ ਸੀ"

### ਦੱਬੇ-ਕੁਚਲੇ ਵਰਗਾਂ ਵਿੱਚੋਂ ਕੋਈ ਵੀ ਉਹ ਮੰਤਰੀ ਨਹੀਂ ਹੈ

31 ਜੁਲਾਈ, 1937 ਨੂੰ, ਡਾ. ਬੀ. ਆਰ. ਅੰਬੇਡਕਰ ਇੱਕ ਕਾਰੋਬਾਰੀ ਦੌਰੇ 'ਤੇ ਧੁਲੀਆ ਗਏ ਸਨ। ਚਾਲੀਸਗਾਓਂ ਸਟੇਸ਼ਨ 'ਤੇ ਦਲਿਤ ਵਰਗਾਂ ਵੱਲੋਂ ਉਨ੍ਹਾਂ ਦਾ ਜ਼ੋਰਦਾਰ ਸਵਾਗਤ ਕੀਤਾ ਗਿਆ। ਸਵੇਰੇ 8 ਵਜੇ ਧੁਲੀਆ ਪਹੁੰਚਣ 'ਤੇ, ਉਨ੍ਹਾਂ ਦਾ ਸਵਾਗਤ ਜ਼ੋਰਦਾਰ ਤਾੜੀਆਂ ਅਤੇ ਇੱਕ ਨਵੇਂ ਨਾਅਰੇ ਨਾਲ ਕੀਤਾ ਗਿਆ - "ਅੰਬੇਡਕਰ ਕੌਣ ਹੈ?" "ਅੰਬੇਡਕਰ ਸਾਡਾ ਰਾਜਾ ਹੈ!" ਉਨ੍ਹਾਂ ਦਾ ਉਤਸ਼ਾਹ ਨਾਲ ਸਵਾਗਤ ਕੀਤਾ ਗਿਆ। ਇਸ ਤੋਂ ਬਾਅਦ ਡਾ. ਅੰਬੇਡਕਰ ਨੂੰ ਇੱਕ ਜਲੂਸ ਵਿੱਚ ਯਾਤਰੀ ਬੰਗਲੇ ਲਿਜਾਇਆ ਗਿਆ। ਅਦਾਲਤ ਦਾ ਕੰਮ ਖਤਮ ਹੋਣ ਤੋਂ ਬਾਅਦ ਦੁਪਹਿਰ ਨੂੰ ਹਰੀਜਨ ਸੇਵਕ ਸੰਘ ਦੇ ਬਾਰਬੇ ਦੁਆਰਾ ਉਨ੍ਹਾਂ ਨੂੰ ਚਾਹ ਪਾਰਟੀ ਦਿੱਤੀ ਗਈ।

ਸ਼ਾਮ ਨੂੰ ਡਾ. ਅੰਬੇਡਕਰ ਨੇ ਵਿਜੇਆਨੰਦ ਥੀਏਟਰ ਵਿੱਚ ਇੱਕ ਮੀਟਿੰਗ ਨੂੰ ਸੰਬੋਧਨ ਕੀਤਾ।

ਆਪਣੇ ਭਾਸ਼ਣ ਵਿੱਚ ਉਨ੍ਹਾਂ ਨੇ ਕਿਹਾ ਕਿ ਯਾਦ ਰੱਖਣ ਵਾਲੀ ਮੁੱਖ ਗੱਲ ਇਹ ਹੈ ਕਿ ਬ੍ਰਿਟਿਸ਼ ਸ਼ਾਸਕ ਜੋ ਅਛੂਤਾਂ ਪ੍ਰਤੀ ਉਦਾਸੀਨ ਸਨ, ਹੁਣ ਉਨ੍ਹਾਂ ਦੀ ਥਾਂ ਉਨ੍ਹਾਂ ਨੇਤਾਵਾਂ ਨੇ ਲੈ ਲਈ ਹੈ ਜੋ ਦਲਿਤ ਵਰਗਾਂ ਦਾ ਸਮਾਜਿਕ ਦਮਨ ਕਰਨ ਵਾਲੀ ਪਾਰਟੀ ਨਾਲ ਸਬੰਧਤ ਹਨ। ਉਨ੍ਹਾਂ ਅੱਗੇ ਕਿਹਾ ਕਿ ਉਹ ਉਹ ਦਿਨ ਸਨ ਜਦੋਂ ਸੰਘ ਅਛੂਤਾਂ ਦੇ ਦ੍ਰਿਸ਼ਟੀਕੋਣ ਤੋਂ ਸੰਗਠਿਤ ਅਤੇ ਸਾਵਧਾਨ ਸੀ। ਉਨ੍ਹਾਂ ਅੱਗੇ ਦੱਸਿਆ ਕਿ ਕਾਂਗਰਸ ਦੁਆਰਾ ਬਣਾਏ ਗਏ ਮੰਤਰੀਆਂ ਰਾਹੀਂ ਭਾਰਤ ਵਿੱਚ ਬ੍ਰਾਹਮਣਵਾਦ ਕਿਵੇਂ ਵਧ-ਫੁੱਲ ਰਿਹਾ ਹੈ। ਉਨ੍ਹਾਂ ਟਿੱਪਣੀ ਕੀਤੀ ਕਿ ਕਾਂਗਰਸ ਦੇ ਸਾਰੇ ਮੰਤਰੀ ਬ੍ਰਾਹਮਣਾਂ ਦੇ ਹੱਥਾਂ ਵਿੱਚ ਹਨ ਅਤੇ ਕੋਈ ਵੀ ਮੰਤਰੀ ਦਲਿਤ ਵਰਗ ਦਾ ਨਹੀਂ ਹੈ।

**ਬਾਕੀ ਲੇਖ ਕੱਲ੍ਹ ਪ੍ਰਕਾਸ਼ਿਤ ਕੀਤਾ ਜਾਵੇਗਾ....**

"ਇਕੁਐਲਿਟੀ ਐਂਡ ਜਸਟਿਸ"
ਪਟਿਆਲਾ 01 ਅਗਸਤ
INTERNATIONAL PAPER, 94636 01616
hardipchumber57@gmail.com

# ਹਿੰਦੂ ਸਮਾਜ ਦਾ ਨੀਂਹ ਪੱਥਰ

ਬਾਬਾ ਸਾਹਿਬ ਡਾ. ਅੰਬੇਡਕਰ

ਲੇਖ-ਲੜੀ ਦਾ ਭਾਗ ਨੂੰ -13

### ਕੱਲ੍ਹ ਦੇ ਲੇਖ, ਹਿੰਦੂ ਸਮਾਜ ਦਾ ਨੀਂਹ ਪੱਥਰ ਦੀ ਨਿਰੰਤਰਤਾ।

ਪਰ ਇਹ ਬ੍ਰਾਹਮਣਵਾਦ ਦੁਆਰਾ ਬੁੱਧ ਧਰਮ ਨਾਲ ਲੜਨ ਲਈ ਅਪਣਾਏ ਗਏ ਆਮ ਹਥਿਆਰ ਨਹੀਂ ਸਨ। ਮੁੱਖ ਇਤਰਾਜ਼ ਹਮੇਸ਼ਾ ਇਹ ਰਿਹਾ ਹੈ ਕਿ ਬੁੱਧ ਦੀਆਂ ਸਿੱਖਿਆਵਾਂ ਸੱਚ ਨਹੀਂ ਹੋ ਸਕਦੀਆਂ, ਕਿਉਂਕਿ ਉਨ੍ਹਾਂ ਨੂੰ ਸ਼ਰੁਤੀ ਜਾਂ ਬ੍ਰਹਮ ਪ੍ਰਵਾਨਗੀ ਨਹੀਂ ਮਿਲੀ ਹੈ। ਬ੍ਰਾਹਮਣ 'ਹੋਂਦ ਅਤੇ ਅਣਹੋਂਦ' ਦੇ ਸਿਧਾਂਤ ਨੂੰ ਜਾਤ ਅਤੇ ਬੁੱਧ ਦੇ ਪੂਰੇ ਦਰਸ਼ਨ ਵਜੋਂ ਸਵੀਕਾਰ ਕਰਦੇ ਹਨ, ਜਿਵੇਂ ਕਿ ਉਹ ਸਾਂਖਯ ਦਰਸ਼ਨ ਨੂੰ ਸਵੀਕਾਰ ਕਰਦੇ ਹਨ, ਜੋ ਕਿ ਬਹੁਤ ਮਹੱਤਵਪੂਰਨ ਮਾਮਲਿਆਂ 'ਤੇ ਵੇਦਾਂਤ ਦਾ ਖੁੱਲ੍ਹ ਕੇ ਵਿਰੋਧ ਕਰਦਾ ਹੈ। ਪਰ ਜਿੱਥੇ ਸਾਂਖਯ ਸਕੂਲ ਦੇ ਸੰਸਥਾਪਕ ਕਪਿਲ, ਬ੍ਰਾਹਮਣਵਾਦੀ ਮਾਪਦੰਡ ਨੂੰ ਸਵੀਕਾਰ ਕਰਦੇ ਹਨ ਅਤੇ ਖੁੱਲ੍ਹ ਕੇ ਕਹਿੰਦੇ ਹਨ ਕਿ ਸ਼ਰੁਤੀ ਦਾ ਅਧਿਕਾਰ ਤਰਕ ਅਤੇ ਅਨੁਭਵ ਤੋਂ ਪਰੇ ਹੈ, ਬੁੱਧ ਅਜਿਹਾ ਆਪਣੇ ਅਭਿਧਰਮ (ਦਰਸ਼ਨ) ਜਾਂ ਕੁਝ ਹੋਰ ਮਹੱਤਵਪੂਰਨ ਨੈਤਿਕ ਅਤੇ ਧਾਰਮਿਕ ਸਿਧਾਂਤਾਂ (ਵਿਨਯ) ਦੇ ਕਾਰਨ ਨਹੀਂ ਕਰਦੇ ਹਨ। ਬੇਸ਼ੱਕ ਉਸਦੇ ਲਈ ਇਹ ਦਿਖਾਉਣਾ ਆਸਾਨ ਹੈ ਕਿ ਉਸਦੇ ਕੁਝ ਸਿਧਾਂਤ ਵੇਦ ਦੇ ਛੰਦਾਂ ਵਿੱਚ ਪਾਏ ਜਾਂਦੇ ਹਨ। ਇਸਦਾ ਕਾਰਨ ਇਹ ਹੈ ਕਿ ਵੇਦ ਵਿੱਚ ਮਨੁੱਖੀ ਮਨ ਦੇ ਸਾਰੇ ਸੰਭਾਵਿਤ ਰੰਗਾਂ ਅਤੇ ਰੰਗਾਂ ਦਾ ਇੱਕ ਸਵੈ-ਇੱਛਤ ਪ੍ਰਗਟਾਵਾ ਹੈ। ਜੇਕਰ ਉਨ੍ਹਾਂ ਨੇ ਅਜਿਹਾ ਸਿਰਫ਼ ਆਪਣੇ ਕੁਝ ਸਿਧਾਂਤਾਂ, ਜਿਵੇਂ ਕਿ 'ਤੂੰ ਨਾ ਮਾਰ', 'ਤੂੰ ਸ਼ਰਾਬ ਨਾ ਪੀਵੀਂ', 'ਤੂੰ ਖੜ੍ਹੇ ਹੋ ਕੇ ਖਾਵੇਂ', ਦੇ ਸੰਬੰਧ ਵਿੱਚ ਕੀਤਾ ਹੁੰਦਾ, ਤਾਂ ਬ੍ਰਾਹਮਣ ਨੇ ਬੁੱਧ ਦੇ ਨਿਰਵਾਣ ਤੋਂ ਬਾਅਦ ਅਮਲ ਵਿੱਚ ਆਉਣ ਵਾਲੇ ਹੋਰ ਸਿਧਾਂਤਾਂ ਨੂੰ ਤੁਰੰਤ ਨਜ਼ਰਅੰਦਾਜ਼ ਕਰ ਦਿੱਤਾ ਹੁੰਦਾ, ਜਿਵੇਂ ਕਿ 'ਜੋ ਸਵਰਗ ਦੀ ਇੱਛਾ ਰੱਖਦਾ ਹੈ ਉਸਨੂੰ ਆਤਮਾਵਾਂ ਦੀ ਪੂਜਾ ਕਰਨੀ ਚਾਹੀਦੀ ਹੈ', 'ਉਸਨੂੰ ਆਪਣਾ ਸਿਰ ਮੁੰਨਵਾਉਣਾ ਚਾਹੀਦਾ ਹੈ', ਆਦਿ। ਕਿਉਂਕਿ ਉਨ੍ਹਾਂ ਨੇ ਅਜਿਹਾ ਨਹੀਂ ਕੀਤਾ, ਇਸ ਲਈ ਬ੍ਰਾਹਮਣ ਸ਼ਰੁਤੀ ਨੂੰ ਸਬੂਤ ਵਜੋਂ ਪੇਸ਼ ਕਰਕੇ ਬੁੱਧ ਦੇ ਸਿਧਾਂਤਾਂ ਦੀ ਸੱਚਾਈ ਤੋਂ ਇਨਕਾਰ ਕਰਦੇ ਰਹੇ।

ਤਰਕ ਦਾ ਇਹ ਤਰੀਕਾ ਕਾਫ਼ੀ ਆਕਰਸ਼ਕ ਹੋਣਾ ਚਾਹੀਦਾ ਹੈ, ਕਿਉਂਕਿ ਅਸੀਂ ਦੇਖਦੇ ਹਾਂ ਕਿ ਬਾਅਦ ਦੇ ਬੋਧੀਆਂ ਨੇ ਵੀ ਆਪਣੇ ਪਵਿੱਤਰ ਕੰਮਾਂ ਨੂੰ ਬ੍ਰਹਮ ਰਚਨਾਵਾਂ ਵਜੋਂ ਪੇਸ਼ ਕਰਨ ਦੀ ਕੋਸ਼ਿਸ਼ ਕੀਤੀ, ਜਿਵੇਂ ਕਿ ਬ੍ਰਾਹਮਣਾਂ ਨੇ ਵੇਦਾਂ ਦੇ ਸੰਬੰਧ ਵਿੱਚ ਕੀਤਾ ਸੀ। ਇਸਦੀ ਇੱਕ ਦਿਲਚਸਪ ਉਦਾਹਰਣ ਹੇਠ ਲਿਖੀ ਚਰਚਾ ਵਿੱਚ ਮਿਲਦੀ ਹੈ। ਇਹ ਕੁਮਾਰੀਲਾ ਦੇ 'ਤੰਤਰ-ਵਰਤਿਕਾ' ਤੋਂ ਲਿਆ ਗਿਆ ਹੈ। ਇੱਥੇ ਵਿਰੋਧੀ (ਪੂਰਵ ਪੱਖ) ਕਹਿੰਦਾ ਹੈ ਕਿ ਉਹੀ ਦਲੀਲ ਜੋ ਇਹ ਸਾਬਤ ਕਰਨ ਲਈ ਵਰਤੀ ਜਾਂਦੀ ਹੈ ਕਿ ਵੇਦ ਮਨੁੱਖਾਂ ਦੀਆਂ ਰਚਨਾਵਾਂ ਨਹੀਂ ਹਨ, ਉਹੀ ਦਲੀਲ ਇਹ ਸਾਬਤ ਕਰਨ ਲਈ ਵਰਤੀ ਜਾ ਸਕਦੀ ਹੈ ਕਿ ਸ਼ਾਕੀਆਂ ਦੀਆਂ ਸਿੱਖਿਆਵਾਂ ਵੀ ਬ੍ਰਹਮ ਸਿੱਖਿਆਵਾਂ ਨਹੀਂ ਹਨ। ਉਹ ਕਹਿੰਦਾ ਹੈ ਕਿ ਸ਼ਾਕੀਆਂ ਦੀ ਪ੍ਰਮਾਣਿਕਤਾ ਨਿਰਵਿਵਾਦ ਹੈ ਕਿਉਂਕਿ ਉਨ੍ਹਾਂ ਦੀਆਂ ਸਿੱਖਿਆਵਾਂ ਸਪਸ਼ਟ ਅਤੇ ਸਮਝਣ ਯੋਗ ਹਨ। ਸ਼ਾਕੀਆਂ ਉਨ੍ਹਾਂ ਦੇ ਖੋਜੀ ਨਹੀਂ ਹਨ, ਉਹ ਸਿਰਫ਼ ਉਨ੍ਹਾਂ ਨੂੰ ਨਿਰਦੇਸ਼ਤ ਕਰਦੇ ਹਨ। ਸ਼ਾਕੀਆਂ ਦੇ ਸਿਧਾਂਤਾਂ ਨਾਲ ਕਿਸੇ ਵੀ ਲੇਖਕ ਦਾ ਨਾਮ ਨਹੀਂ ਜੋੜਿਆ ਗਿਆ ਹੈ, ਇਸ ਲਈ ਵੇਦਾਂ ਵਾਂਗ, ਉਨ੍ਹਾਂ ਵਿੱਚ ਉਹ ਅਸਥਿਰਤਾ ਨਹੀਂ ਹੈ ਜੋ ਮਨੁੱਖਾਂ ਦੀਆਂ ਰਚਨਾਵਾਂ ਵਿੱਚ ਪਾਈ ਜਾਂਦੀ ਹੈ। ਸਿੱਟੇ ਵਜੋਂ, ਉਹ ਕਹਿੰਦਾ ਹੈ ਕਿ ਅਸਲੀਅਤ ਵਿੱਚ, ਮੀਮਾਂਸਕਾਂ ਨੇ ਵੇਦਾਂ ਦੀ ਪ੍ਰਮਾਣਿਕਤਾ ਨੂੰ ਸਾਬਤ ਕਰਨ ਲਈ ਜੋ ਦਲੀਲਾਂ ਪੇਸ਼ ਕੀਤੀਆਂ ਹਨ, ਉਸੇ ਤਰ੍ਹਾਂ ਬੁੱਧ ਦੇ ਸਿਧਾਂਤਾਂ ਦੀ ਪ੍ਰਮਾਣਿਕਤਾ ਵੀ ਸਾਬਤ ਹੁੰਦੀ ਹੈ। ਇਸ 'ਤੇ, ਕੱਟੜਪੰਥੀ ਕੁਮਾਰੀਲਾ ਗੁੱਸੇ ਹੋ ਜਾਂਦੀ ਹੈ ਅਤੇ ਕਹਿੰਦੀ ਹੈ:

ਇਹ ਸ਼ਾਕੀਆਂ, ਵੈਸ਼ੇਸ਼ਿਕ ਅਤੇ ਹੋਰ ਪਾਖੰਡੀ ਜਿਨ੍ਹਾਂ ਦੇ ਭਾਸ਼ਣ ਇਮਾਨਦਾਰ ਮੀਮਾਂ 'ਤੇ ਅਧਾਰਤ ਹਨ, ਸੱਚ ਨਹੀਂ ਹਨ। ਸ਼ਾਕਾਂ ਨੇ ਆਪਣੇ ਮੂੰਹ ਬੰਦ ਕਰ ਲਏ ਹਨ, ਸਾਡੇ ਸ਼ਬਦਾਂ ਨੂੰ ਹਿਲਾਉਂਦੇ ਹੋਏ, ਜਿਵੇਂ ਕਿ ਉਹ ਕਿਸੇ ਪਰਛਾਵੇਂ ਨੂੰ ਫੜਨ ਦੀ ਕੋਸ਼ਿਸ਼ ਕਰ ਰਹੇ ਹੋਣ। ਉਹ ਕਹਿੰਦੇ ਹਨ ਕਿ ਉਨ੍ਹਾਂ ਦੀਆਂ ਪਵਿੱਤਰ ਕਿਤਾਬਾਂ ਸਦੀਵੀ ਹਨ, ਪਰ ਉਨ੍ਹਾਂ ਦੇ ਮਨ ਖੁੱਲ੍ਹੇ ਹਨ, ਅਤੇ ਉਹ ਵੇਦਾਂ ਨੂੰ ਸਿਰਫ਼ ਨਫ਼ਰਤ ਕਰਕੇ ਬਹੁਤ ਪ੍ਰਾਚੀਨ ਨਹੀਂ ਮੰਨਦੇ। ਅਤੇ ਇਸ ਹੋਣਹਾਰ ਤਰਕਵਾਦੀ ਇਹ ਵੀ ਕਹਿੰਦੇ ਹਨ ਕਿ ਉਨ੍ਹਾਂ ਲਈ ਕੁਝ ਸਿਧਾਂਤ (ਜੋ ਉਨ੍ਹਾਂ ਨੇ ਸਾਡੇ ਤੋਂ ਚੋਰੀ ਕੀਤੇ ਹਨ) ਵੇਦਾਂ ਤੋਂ ਨਹੀਂ ਲਏ ਗਏ ਹਨ, ਜਿਵੇਂ ਕਿ ਸਾਰਿਆਂ ਪ੍ਰਤੀ ਦਇਆ ਦਾ ਸਿਧਾਂਤ, ਕਿਉਂਕਿ ਬੁੱਧ ਦੀਆਂ ਜ਼ਿਆਦਾਤਰ ਗੱਲਾਂ ਵੇਦਾਂ ਦੇ ਬਿਲਕੁਲ ਉਲਟ ਹਨ। ਇਸ ਲਈ ਇਸ ਨੁਕਤੇ 'ਤੇ ਵੀ ਉਹ ਆਪਣੀ ਸਹੀਤਾ ਸਾਬਤ ਕਰਨਾ ਚਾਹੁੰਦੇ ਹਨ। ਉਹ ਜਾਣਦੇ ਹਨ ਕਿ ਮਨੁੱਖੀ ਹਦਾਇਤਾਂ ਦਾ ਨੈਤਿਕ ਅਲੌਕਿਕ ਮਾਮਲਿਆਂ ਵਿੱਚ ਕੋਈ ਅਧਿਕਾਰ ਨਹੀਂ ਹੈ, ਇਸ ਲਈ ਉਹ ਵੇਦ ਦੀ ਸਦੀਵੀਤਾ ਬਾਰੇ ਸਾਡੀ ਦਲੀਲ ਦੀ ਨਕਲ ਕਰਕੇ ਆਪਣੀ ਮੁਸ਼ਕਲ ਨੂੰ ਢੱਕਣਾ ਚਾਹੁੰਦੇ ਹਨ। ਉਹ ਇਹ ਕਹਿਣਾ ਚਾਹੁੰਦੇ ਹਨ ਕਿ ਮੀਮਾਂਸਕਾਂ ਨੇ ਸਾਬਤ ਕਰ ਦਿੱਤਾ ਹੈ ਕਿ ਮਨੁੱਖਾਂ ਦੀਆਂ ਕਿਸੇ ਵੀ ਗੱਲਾਂ ਦਾ ਅਲੌਕਿਕ ਮਾਮਲਿਆਂ 'ਤੇ ਕੋਈ ਅਧਿਕਾਰ ਨਹੀਂ ਹੋ ਸਕਦਾ। ਉਹ ਇਹ ਵੀ ਜਾਣਦੇ ਹਨ ਕਿ ਵੇਦ ਦੇ ਅਧਿਕਾਰ ਨੂੰ ਰੱਦ ਨਹੀਂ ਕੀਤਾ ਜਾ ਸਕਦਾ, ਕਿਉਂਕਿ ਉਨ੍ਹਾਂ ਕੋਲ ਇਸਦੇ ਬ੍ਰਹਮ ਉਤਪਤੀ ਬਾਰੇ ਪੇਸ਼ ਕੀਤੇ ਗਏ ਸਬੂਤਾਂ ਦੇ ਵਿਰੁੱਧ ਕੋਈ ਸਬੂਤ ਨਹੀਂ ਹੈ। ਬ੍ਰਹਮ ਉਤਪਤੀ ਨੇ ਮਨੁੱਖੀ ਉਤਪਤੀ ਦੀ ਪੂਰੀ ਸੰਭਾਵਨਾ ਨੂੰ ਖਤਮ ਕਰ ਦਿੱਤਾ ਹੈ। ਇਸ ਲਈ ਉਨ੍ਹਾਂ ਦੇ ਦਿਲ ਉਨ੍ਹਾਂ ਦੇ ਆਪਣੇ ਸ਼ਬਦਾਂ ਦੁਆਰਾ ਵਿੰਨ੍ਹੇ ਜਾ ਰਹੇ ਹਨ। ਉਨ੍ਹਾਂ ਦੇ ਸ਼ਬਦ ਬੱਚਿਆਂ ਦੀ ਬਚਕਾਨਾ ਬੁੱਧੀ ਵਰਗੇ ਹਨ ਅਤੇ ਉਨ੍ਹਾਂ ਕੋਲ ਕੋਈ ਜਵਾਬ ਨਹੀਂ ਹੈ ਕਿਉਂਕਿ ਉਨ੍ਹਾਂ ਦੀਆਂ ਬੇਤੁਕੀ ਦਲੀਲਾਂ ਦਾ ਧੋਖਾ ਸਾਹਮਣੇ ਆ ਗਿਆ ਹੈ। ਹੁਣ ਉਹ ਉਸ ਮੂਰਖ ਮੁਵੱਕਿਲ ਵਾਂਗ ਬੋਲਣ ਲੱਗ ਪਏ ਹਨ ਜੋ ਦੁਲਹਨ ਦੇ ਪੱਖ ਨੂੰ ਕਹਿੰਦਾ ਹੈ, 'ਮੇਰਾ ਪਰਿਵਾਰ ਵੀ ਤੇਰਾ ਪਰਿਵਾਰ ਜਿੰਨਾ ਹੀ ਚੰਗਾ ਹੈ।' ਇਸੇ ਤਰ੍ਹਾਂ, ਉਹ ਬਾਂਦਰਾਂ ਵਾਂਗ ਦੂਜੇ ਲੋਕਾਂ ਦੇ ਸ਼ਬਦਾਂ ਦੀ ਨਕਲ ਕਰਕੇ ਆਪਣੇ ਧਰਮ ਗ੍ਰੰਥਾਂ ਦੀ ਸਦੀਵੀ ਹੋਂਦ ਨੂੰ ਬਣਾਈ ਰੱਖਣ ਦੀ ਕੋਸ਼ਿਸ਼ ਕਰ ਰਹੇ ਹਨ। ਅਤੇ ਜੇਕਰ ਉਨ੍ਹਾਂ ਨੂੰ ਚੁਣੌਤੀ ਦਿੱਤੀ ਜਾਵੇ ਅਤੇ ਕਿਹਾ ਜਾਵੇ ਕਿ ਇਹ ਸਾਡੀ ਦਲੀਲ ਹੈ, ਤਾਂ ਉਹ ਹੰਗਾਮਾ ਕਰਦੇ ਹਨ ਅਤੇ ਕਹਿੰਦੇ ਹਨ ਕਿ ਅਸੀਂ, ਮੀਮਾਂਸਕਾਂ ਨੇ, ਉਨ੍ਹਾਂ ਤੋਂ ਇਹ ਚੋਰੀ ਕਰ ਲਿਆ ਹੈ। ਇੱਕ ਵਿਅਕਤੀ ਜਿਸਦੀ ਪੂਰੀ ਯੋਜਨਾ ਬਰਬਾਦ ਹੋ ਗਈ ਹੈ, ਜੋ ਬਕਵਾਸ ਕਰਨਾ ਸ਼ੁਰੂ ਕਰ ਦਿੰਦਾ ਹੈ, ਅਤੇ ਜੋ ਆਪਣੇ ਵਿਰੋਧੀ ਨੂੰ ਧੋਖਾ ਦੇਣ ਦੀ ਕੋਸ਼ਿਸ਼ ਕਰਦਾ ਹੈ, ਕਦੇ ਥੱਕਦਾ ਨਹੀਂ ਅਤੇ ਕਦੇ ਵੀ ਸ਼ਾਂਤ ਨਹੀਂ ਹੋ ਸਕਦਾ।

**ਬਾਕੀ ਲੇਖ ਕੱਲ੍ਹ....**

# ਮੈਡੀਕਲ ਪ੍ਰੈਕਟੀਸ਼ਨਰਜ਼ ਐਸੋਸੀਏਸ਼ਨ ਪੰਜਾਬ ਦੇ ਬਲਾਕ ਬੰਗਾ ਦੀ ਮੀਟਿੰਗ ਪ੍ਰਧਾਨ ਡਾ ਅੰਮ੍ਰਿਤ ਲਾਲ ਫਰਾਲਾ ਦੀ ਪ੍ਰਧਾਨਗੀ ਹੇਠ ਹੋਈ

"ਇਕੁਐਲਿਟੀ ਐਂਡ ਜਸਟਿਸ"
ਪਟਿਆਲਾ 01 ਅਗਸਤ
INTERNATIONAL PAPER, 94636 01616
hardipchumber57@gmail.com



ਬੰਗਾ( ਚਰਨਜੀਤ ਸੱਲ੍ਹਾਂ )ਮੈਡੀਕਲ ਪੈਕਟੀਨਸਰ ਬਲਾਕ ਬੰਗਾ ਦੀ ਮੀਟਿੰਗ ਬੰਗਾ ਵਿਖੇ ਬਲਾਕ ਪ੍ਰਧਾਨ ਡਾ ਅਮ੍ਰਿਤ ਲਾਲ ਰਾਣਾ ਜੀ ਦੀ ਪ੍ਰਧਾਨਗੀ ਵਿੱਚ ਬੰਗਾ ਵਿਖੇ ਹੋਈ ਜਿਸ ਵਿੱਚ ਵੱਖ ਵੱਖ ਵਿਚਾਰ ਵਿਟਾਦਰਾ ਕੀਤਾ ਗਿਆ ਅੱਜ ਦੀ ਮੀਟਿੰਗ ਸਹੀਦ ਸਰਦਾਰ ਊਧਮ ਸਿੰਘ ਜੀ ਦੇ ਸਹੀਦੀ ਦਿਹਾੜੇ ਨੂੰ ਸਮਰਪਿਤ ਕੀਤੀ ਤੇ ਸਰਧਾਜਲੀ ਭੇਟ ਕੀਤੀ ਗਈ ਉਨ੍ਹਾਂ ਦੀਆਂ ਸਿੱਖਿਆਵਿ ਤੇ ਚੱਲਣ ਦਾ ਪ੍ਰਣ ਕੀਤਾ ਗਿਆ, ਨਾਲ ਹੀ ਕੇਦਰ ਸਰਕਾਰ ਤੇ ਪੰਜਾਬ ਸਰਕਾਰ ਵਲੋ ਕੀਤੀਆ ਲੋਕ ਮਾਰੂ ਨੀਤੀਆ ਤੇ ਕਿਸਾਨ ਮਜਦੂਰ ਮਾਰੂ ਨੀਤੀ ਲੈਡ ਪੂਲਿੰਗ ਪੋਲਸੀ ਦੀ ਵੀ ਪ੍ਰਜੋਰ ਨਿਖੇਧੀ ਕੀਤੀ ਤੇ ਪੰਜਾਬ ਸਰਕਾਰ ਨੂੰ ਲੋਕ ਮਾਰੂ ਨੀਤੀਆਂ ਨੂੰ ਵਾਪਸ ਲੈਣ ਦੀ ਅਪੀਲ ਕੀਤੀ ਗਈ ਤੇ ਨਾਲ ਆਪਣੀਆ ਮੰਗਾ ਨੂੰ ਵੀ ਮੰਨਣ ਦੀ ਅਪੀਲ ਕੀਤੀ ਤੇ ਮੰਗਾ ਨਾ ਮੰਨਣ ਤੇ ਤਿੱਖਾ ਸੰਘਰਸ਼ ਕਰਨ ਦਾ ਐਲਾਨ ਕੀਤਾ ਅੱਜ ਦੀ ਮੀਟਿੰਗ ਵਿੱਚ ਪ੍ਰਧਾਨ ਡਾ ਅਮ੍ਰਿਤ ਲਾਲ ਰਾਣਾ ਡਾ ਸੀਤਾ ਰਾਮ ਡਾ ਧਰਮ ਪਾਲ ਬੱਗਾ ਡਾ ਗੁਰਮੇਲ ਸਿੰਘ ਡਾ ਲੇਖ ਰਾਜ ਡਾ ਸੁਧੀਰ ਕੁਮਾਰ ਡਾ ਰਤਨ ਸਿੰਘ ਡਾ ਪ੍ਰਿੰਸ ਅਰੋੜਾ ਡਾ ਅਨੂਪਿੰਦਰ ਸਿੰਘ ਡਾ ਨਰਿੰਦਰ ਕੁਮਾਰ ਡਾ ਸਿੰਦਰ ਪਾਲ ਹੀਰਾ ਡਾ ਕੁਲਵਿੰਦਰ ਸਿੰਘ ਡਾ ਲਵਪ੍ਰੀਤ ਸਿੰਘ ਡਾ ਜਸਪਾਲ ਕੋਰ ਡਾ ਗੀਤਾ ਡਾ ਰਣਜੀਤ ਸਿੰਘ ਡਾ ਗੁਰਨਾਮ ਸਿੰਘ ਡਾ ਮੰਗਾ ਝਿੱਕਾ ਆਦਿ ਸਾਥੀ ਹਾਜਰ ਹੋਏ

# ਡਾ.ਅੰਬੇਡਕਰ ਸਟੂਡੈਂਟ ਫਰੰਟ ਆਫ਼ ਇੰਡੀਆ (DASFI) ਵੱਲੋਂ

## ਯੂਨੀਵਰਸਿਟੀ ਕਾਲਜ ਮੂਣਕ ਵਿਖੇ ਸ਼ਹੀਦ ਊਧਮ ਸਿੰਘ ਜੀ ਦੇ ਸ਼ਹੀਦੀ ਦਿਵਸ ਮੌਕੇ 'ਤੇ ਸ਼ਰਧਾਜਲੀ ਭੇਂਟ

"ਇਕੁਐਲਿਟੀ ਐਂਡ ਜਸਟਿਸ"
ਪਟਿਆਲਾ 01 ਅਗਸਤ
INTERNATIONAL PAPER, 94636 01616
hardipchumber57@gmail.com




ਊਧਮ ਸਿੰਘ (26 ਦਸੰਬਰ 1899 — 31 ਜੁਲਾਈ 1940) ਸਾਡੇ ਦੇਸ਼ ਦੇ ਮਹਾਨ ਆਜ਼ਾਦੀ ਕ੍ਰਾਂਤੀਕਾਰੀਆਂ ਵਿੱਚੋਂ ਇੱਕ ਪ੍ਰਮੁੱਖ ਨਾਂ ਹੈ। 13 ਅਪਰੈਲ 1919 ਵਿੱਚ ਅੰਮ੍ਰਿਤਸਰ ਵਿੱਚ ਜਲ੍ਹਿਆਂਵਾਲਾ ਬਾਗ ਵਿੱਚ ਹੋਏ ਭਾਰਤੀਆਂ ਦੇ ਹੱਤਿਆਕਾਂਡ ਦਾ ਬਦਲਾ ਇੰਗਲੈਂਡ ਜਾ ਕੇ ਊਧਮ ਸਿੰਘ ਨੇ 13 ਮਾਰਚ 1940 ਨੂੰ ਗਵਰਨਰ ਮਾਈਕਲ ਓਡਵਾਇਰ ਨੂੰ ਗੋਲੀਆਂ ਮਾਰ ਕੇ ਲਿਆ। ਊਧਮ ਸਿੰਘ 'ਤੇ ਬਾਅਦ ਵਿੱਚ ਕਤਲ ਦਾ ਮੁਕੱਦਮਾ ਚਲਾਇਆ ਅਤੇ ਦੋਸ਼ੀ ਠਹਿਰਾਇਆ ਗਿਆ।

ਹਿਰਾਸਤ ਵਿੱਚ ਰਹਿਣ ਦੌਰਾਨ, ਊਧਮ ਸਿੰਘ ਨੇ ਆਪਣਾ ਨਾਮ 'ਰਾਮ ਮੁਹੰਮਦ ਸਿੰਘ ਆਜ਼ਾਦ' ਦੱਸਿਆ, ਜੋ ਭਾਰਤ ਵਿੱਚ ਧਰਮ ਨਿਰਪੱਖ ਅਤੇ ਉਸਦੀ ਬਸਤੀਵਾਦੀ ਵਿਰੋਧੀ ਭਾਵਨਾ ਨੂੰ ਦਰਸਾਉਂਦਾ ਹੈ। ਊਧਮ ਸਿੰਘ ਜੀ ਨੂੰ 31 ਜੁਲਾਈ 1940 ਨੂੰ ਇੰਗਲੈਂਡ ਵਿੱਚ ਫਾਂਸੀ ਦੇ ਕੇ ਸ਼ਹੀਦ ਕਰ ਦਿੱਤਾ ਗਿਆ। ਸ਼ਹੀਦ ਊਧਮ ਸਿੰਘ ਦੀ ਕੁਰਬਾਨੀ ਉੱਤੇ ਜਿੱਥੇ ਸਾਰੇ ਦੇਸ਼ਵਾਸੀ ਮਾਣ ਮਹਿਸੂਸ ਕਰਦੇ ਹਨ ਆਪਣੇ ਸਪੂਤ ਦੀ ਵਿਲੱਖਣ ਸੂਰਮਗਤੀ ਭਰਪੂਰ ਕੁਰਬਾਨੀ ਸਦਕਾ ਖ਼ੁਦ ਨੂੰ ਵਿਸ਼ੇਸ਼ ਰੂਪ ਵਿੱਚ ਮਾਣਮੱਤਾ ਮਹਿਸੂਸ ਕਰਦਾ ਹੈ। ਸ਼ਹੀਦ ਊਧਮ ਸਿੰਘ ਦੀ ਕੁਰਬਾਨੀ ਸਦੀਆਂ ਤਕ ਭਾਰਤੀ ਲੋਕਾਂ ਨੂੰ ਦੇਸ਼ ਪਿਆਰ ਅਤੇ ਦੇਸ਼ ਲਈ ਕੁਰਬਾਨ ਹੋਣ ਦੀ ਪ੍ਰੇਰਨਾ ਦਿੰਦੀ ਰਹੇਗੀ। ਤੇ ਸਾਨੂੰ ਉਹਨਾਂ ਦੇ ਜੀਵਨ ਤੋਂ ਸੇਧ ਲੈ ਕੇ ਆਪਣਾ ਜੀਵਨ ਤਬਦੀਲ ਕਰਨਾ ਹੀ ਉਹਨਾਂ ਦੀ ਕੁਰਬਾਨੀ ਉਤੇ ਮਾਣ ਹੋਵੇਗਾ।

ਇਸ ਵਿਸ਼ੇਸ਼ ਮੌਕੇ 'ਤੇ ਡਾ.ਅੰਬੇਡਕਰ ਸਟੂਡੈਂਟ ਫਰੰਟ ਆਫ਼ ਇੰਡੀਆ (DAS-FI) ਦੇ ਰਾਸ਼ਟਰੀ ਪ੍ਰਧਾਨ ਪ੍ਰੀਤ ਕਾਂਸ਼ੀ ਜੀ, ਜਸਪਾਲ ਸਿੰਘ(ਜੱਸੀ) ਐੱਮ.ਸੀ ਮੂਣਕ ਪਹੁੰਚੇ, ਜਿਨ੍ਹਾਂ ਨੇ ਊਧਮ ਸਿੰਘ ਜੀ ਦੇ ਸ਼ਹੀਦੀ ਦਿਵਸ ਮੌਕੇ ਸ਼ਰਧਾਜਲੀ ਦੇ ਫੁੱਲ ਭੇਂਟ ਕੀਤੇ ਅਤੇ ਸਾਰੇ ਵਿਦਿਆਰਥੀ ਸਾਥੀਆਂ ਨਾਲ ਸ਼ਹੀਦ ਊਧਮ ਸਿੰਘ ਜੀ ਦੇ ਜੀਵਨ ਬਾਰੇ ਵਿਚਾਰ ਵਟਾਂਦਰਾ ਤੇ ਯੂਨੀਵਰਸਿਟੀ ਕਾਲਜ ਮੂਣਕ ਦੀਆਂ ਸਮੱਸਿਆਵਾਂ ਬਾਰੇ ਚਰਚਾ ਕੀਤੀ। ਡਾ.ਅੰਬੇਡਕਰ ਸਟੂਡੈਂਟ ਫਰੰਟ ਆਫ਼ ਇੰਡੀਆ (DASFI) ਟੀਮ ਵੱਲੋਂ ਨਵੇਂ ਦਾਖਲਿਆਂ ਸੰਬੰਧਿਤ ਯੂਨੀਵਰਸਿਟੀ ਕਾਲਜ ਮੂਣਕ ਵਿੱਚ ਲਗਾਤਾਰ ਹੈਲਪ ਡੈਸਕ ਲਗਾਇਆ ਹੋਇਆ । DASFI ਟੀਮ ਯੂਨੀਵਰਸਿਟੀ ਕਾਲਜ ਦੀ ਹੋਰ ਵੀ ਸਮੱਸਿਆਵਾਂ ਹੱਲ ਕਰਵਾਉਣ ਲਈ ਯਤਨ ਕਰੇਗੀ। ਯੂਨੀਵਰਸਿਟੀ ਕਾਲਜ ਮੂਣਕ ਦੇ ਸਮੂਹ ਕਰਮਚਾਰੀ, ਵਿਦਿਆਰਥੀ ਸਾਥੀ ਸ਼ਾਮਲ ਹੋਏ।

